# ਰੇਡੀਓ ਲੜੀਵਾਰ- ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ

## ਕੜੀ-30, 'ਸੁਣੋ ! ਪਹਾੜਾਂ ਦੀਆਂ ਧੜਕਣਾਂ ਸੁਣੋ'

## (Restoring mountain Ecosystems and Promoting Eco-Tourism)

ਖੋਜ ਡਾ. ਈ. ਆਰ. ਸੁਬਰਾਮਨੀਅਮ

ਲੜੀਵਾਰ ਸੰਯੋਜਕ : ਡਾ. ਬੀ. ਕੇ. ਤਿਆਗੀ

ਪੰਜਾਬੀ ਰੁਪਾਂਤਰਣ: ਭਾਰਤ ਗਿਆਨ ਵਿਗਿਆਨ ਸੰਮਤੀ, ਪੰਜਾਬ ਤੇ ਚੰਡੀਗੜ੍ਹ

(In this episode the topic of 'Protecting Mountain Ecosystem and promoting Ecotourism' has been taken up The episode tries to focus on the threats to the mountain ecosystem and talks about the remedial measures through the participation of local residents. Also, it depicts the efforts which can be made for conserving the nature on the mountains. This deals with the issue of the methods of promotion of eco-tourism for the sustainable development of the community living in hilly areas.)

( ਇਸ ਕੜੀ ਵਿੱਚ ਚਰਚਾ ਕੀਤੀ ਹੈ ਪਹਾੜਾਂ ਦੇ ਵਾਤਾਵਰਣੀ ਪ੍ਰਸਿਥਿਤਿਕ ਤੰਤਰ ਦਾ ਸੁਰੱਖਿਅਣ ਅਤੇ ਪਰਿਆਵਰਣੀ ਪ੍ਰਸਿਥਿਤਿਕ ਤੰਤਰ ਦੇ ਸੁਰੱਖਿਅਣ ਨਾਲ ਇਕਸੁਰਤਾ ਵਾਲਾ ਪਹਾੜਾਂ ਵਿੱਚਲਾ ਸੈਰ ਸਪਾਟਾ ! ਇਸ ਕੜੀ ਵਿੱਚ ਪਹਾੜੀ ਪਰਿਆਵਰਣੀ ਪ੍ਰਸਿਥਿਤਿਕ ਤੰਤਰ ਨੂੰ ਦਰਪੇਸ਼ ਚੁਣੌਤੀਆਂ ਨੂੰ ਕੇਂਦਰ ਬਿੰਦੂ ਬਣਾਉਂਦੇ ਹੋਏ ਉਥੋਂ ਦੇ ਸਥਾਨਕ ਵਸਨੀਕਾਂ ਦੀ ਸਰਗਰਮ ਸ਼ਮੂਲੀਅਤ ਦੇ ਰਾਹੀਂ ਇਨ੍ਹਾਂ ਚੂਣੌਤੀਆਂ ਨਾਲ ਮੁਕਬਲਾ ਕਰਨ ਲਈ ਉਪਚਾਰ ਵਜੋਂ ਚੁੱਕੇ ਜਾਣ ਵਾਲੇ ਕਦਮਾਂ 'ਤੇ ਗੱਲ ਕੀਤੀ ਹੈ ।ਇਸ ਵਿੱਚ ਉਨ੍ਹਾਂ ਯਤਨਾਂ ਵੱਲ ਵੀ ਧਿਆਨ ਦਿਵਾਇਆ ਗਿਆ ਹੈ ਜਿਹੜੇ ਪਰਬਤਾਂ ਉਪਰ ਕੁਦਰਤੀ ਤੰਤਰ ਦੇ ਸੁਰੱਖਿਅਣ ਵਾਸਤੇ ਕੀਤੇ ਜਾ ਸਕਦੇ ਹਨ ! ਇਹ ਕੜੀ ਉਨ੍ਹਾਂ ਵਿਧੀਆ ਨਾਲ ਜੁੜੇ ਮੁਦਿਆਂ ਬਾਬਤ ਗੱਲ ਕਰਦੀ ਹੈ ਜਿਹੜੀਆਂ ਪਹਾੜੀ ਇਲਾਕਿਆਂ ਵਿੱਚ ਵਸੀ ਸਮੁਦਾਇ ਦੇ ਟਿਕਾਊ ਵਿਕਾਸ ਲਈ ਪਰਿਆਵਰਣੀ ਪ੍ਰਸਿਥਿਤਿਕ ਤੰਤਰ ਦੇ ਸੁਰੱਖਿਅਣ ਵਾਲੇ ਸੈਰ ਸਪਾਟੇ ਵਾਸਤੇ ਜਰੂਰੀ ਹਨ ।)

### ਪਾਤਰ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

- ਮੋਨੂੰ: ਸਕੂਲੀ ਬੱਚਾ (ਉਮਰ 10-12 ਸਾਲ)
- ਪੜਦਾਦੀ ਮਾਂ: ਮੋਨੂੰ ਦੀ ਪੜਦਾਦੀ (ਉਮਰ 80-85 ਸਾਲ)
- ਨਰਾਇਣ: ਸਕੂਲ ਦਾ ਮੁੱਖ ਅਧਿਆਪਕ (ਉਮਰ 45 ਸਾਲ)
- ਸਾਗਰ: ਬਿਲਡਰ ਮੈਨੇਜਰ (ਉਮਰ 25-30 ਸਾਲ)
- ਰਮਤਾ: ਚਾਹ ਵਾਲਾ (ਉਮਰ 50 ਸਾਲ)
- ਸ਼ਾਸਤਰੀ: ਪਿੰਡ ਵਾਲਾ (ਉਮਰ 45 ਸਾਲ)
- ਕੁਲਵੰਤ: ਪਿੰਡ ਵਾਲਾ (ਉਮਰ 30 ਸਾਲ)

## ਸੁਰੂਆਤੀ ਐਲਾਨ

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ......

(ਸੰਗੀਤ...)

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ। ਵਿਗਿਆਨ ਲੜੀਵਾਰ "ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ" ਦੀਆਂ ਸੁਣ ਚੁੱਕੇ ਹੋ ਤੁਸੀਂ, ਉਨੱਤੀ ਕੜੀਆਂ ! ਇਨ੍ਹਾਂ ਰਾਹੀਂ ਹੋਈ ਹੈ ਚਰਚਾ, ਸਾਡੇ ਵਿਕਾਸ ਦੇ ਵਰਤਮਾਨ ਮਾਡਲ ਨਾਲ ਉਭਰੇ ਖਪਤਵਾਦ ਦੇ ਉਪਰ ਤੇ ਨਿੱਕਲ ਰਹੇ ਸਿੱਟਿਆਂ ਉੱਪਰ! ਹੋਈਆਂ ਨੇ ਵਿਚਾਰਾਂ ਉਨ੍ਹਾਂ ਖਤਰਿਆਂ ਬਾਬਤ, ਦਰਪੇਸ਼ ਨੇ ਜੋ ਮਨੁਖਤਾ ਨੂੰ ਅਤੇ ਸਾਡੇ ਇਸ ਧਰਤ ਗ੍ਰਹਿ ਨੂੰ ! ਅੱਜ ਦੀ ਕੜੀ ਵਿੱਚ ਹੈ ਪੇਸ਼ਕਾਰੀ "ਟਿਕਾਊ ਵਿਕਾਸ" ਦੇ ਇੱਕ ਹੋਰ ਪਹਿਲੂ 'ਤੇ ! ਕਹਾਣੀ ਹੈ ਅੱਜ ਪਹਾੜਾਂ ਦੇ ਪਰਿਆਵਰਣੀ ਪ੍ਰਸਿਥਿਤਿਕ ਤੰਤਰ ਦੀ , ਪਰਬਤੀ ਸੈਰ ਸਪਾਟੇ ਦੀ ਤੇ ਪਹਾੜੀ ਲੋਕਾਂ ਟਿਕਾਊ ਵਿਕਾਸ ਲਈ ਇਸ ਤੰਤਰ ਦੇ ਸੁਰੱਖਿਅਣ ਦੀ !

ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)

**ਔਰਤ ਸੂਤਰਧਾਰ:** ਵਿਗਿਆਨ ਲੜੀਵਾਰ "ਚਲਦੀ ਰਹੇ ਇਹ ਜਿੰਦਗੀ" ਦੀ ਅੱਜ ਦੀ ਇਸ 30ਵੀਂ ਕੜੀ ਵਿੱਚ ਸੁਆਗਤ ਹੈ ਸਾਰੇ ਸ੍ਰੋਤਿਆਂ ਦਾ ! ਸਾਰੇ ਨਰ ਨਾਰੀਆਂ , ਬੱਚਿਆਂ ਤੇ ਬਜੁਰਗਾਂ, ਗੱਭਰੂਆਂ ਤੇ ਮੁਟਿਆਰਾਂ, ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਸਾਰਿਆਂ ਨੂੰ ਸ਼ੁੱਭ ਸਵੇਰ !

**ਮਰਦ ਸੂਤਰਧਾਰ:**ਪਿਛਲੀ ਕੜੀ ਵਿੱਚ ਸੁਣਾਇਆ ਸੀ ਬ੍ਰਿਤਾਂਤ ਸਾਡੇ ਜਲਵਾਯੂ ਵਿੱਚ ਹੋ ਰਹੇ ਪਰਿਵਰਤਨ ਦੇ ਮੁਕਬਲੇ ਲਈ ਪ੍ਰਤੀਕਿਰਿਆ ਨੀਤੀਆਂ ਦਾ !

**ਔਰਤ ਸੂਤਰਧਾਰ:** ਸੁਣਾਇਆ ਸੀ ਹਾਲ ਕਿ ਕੀ ਪੈਂਦੇ ਨੇ ਪ੍ਰਭਾਵ ਸਾਡੀ ਜੀਵਣ ਸ਼ੈਲੀ 'ਤੇ ਇਸ ਜਲਵਾਯੂ ਵਿੱ ਹੋ ਰਹੇ ਪਰਿਵਰਤਨ ਦੇ !

**ਮਰਦ ਸੂਤਰਧਾਰ:** ਸੁਣੀ ਸੀ ਤੁਸੀਂ ਕਹਾਣੀ ਇਨ੍ਹਾਂ ਕਈ ਤਰ੍ਹਾਂ ਦੇ ਪ੍ਰਭਾਵਾਂ ਦੀ ਪੈਂਦੇ ਨੇ ਜੋ ਸਾਡੀਆਂ ਜਿੰਦਗੀਆਂ 'ਤੇ ਇਸ ਪਰਿਵਰਤਨ ਨਾਲ !

**ਔਰਤ ਸੂਤਰਧਾਰ:** ਵਾਰਤਾਲਾਪ ਸੀ ਵੱਧਦੇ ਤਾਪਮਾਨ 'ਤੇ, ਬਰਫਬਾਰੀ ਦੀਆਂ ਤੇ ਵਰਖਾ ਦੀਆਂ ਬਦਲਦੀਆਂ ਵੰਨਗੀਆਂ ਬਾਬਤ !

**ਮਰਦ ਸੂਤਰਧਾਰ:** ਹੋਈ ਸੀ ਚਰਚਾ ਚਰਮਸੀਮਾ ਨੂੰ ਪਹੁੰਚੀਆਂ ਘਟਨਾਵਾਂ 'ਤੇ, ਇਸ ਕਾਰਨ ਝੁਲਦੇ ਝੱਖੜਾਂ 'ਤੇ, ਭਾਰੀ ਵਰਖਾ 'ਤੇ ਅਤੇ ਤਪਦੀ ਧਰਤੀ 'ਤੇ !

**ਔਰਤ ਸੂਤਰਧਾਰ:** ਸੁਣਿਆ ਸੀ ਕਿ ਇਹ ਬਦਲਾਅ ਦਾ ਮੁਖ ਕਰਨ ਨੇ ਕਾਰਬਨ ਡਾਈ ਅਕਸਾਈਡ ਵਰਗੀਆਂ ਹਰਿਤ ਗੈਸਾਂ!

**ਮਰਦ ਸੂਤਰਧਾਰ:** ਸੁਣਿਆ ਸੀ ਕਿ ਮੌਸਮ ਦਾ ਇਹ ਬਦਲਾਅ ਹੁੰਦਾ ਹੈ ਉਨ੍ਹਾਂ ਹਰਿਤ ਘਰ ਗੈਸਾਂ ਕਰਕੇ ਨਿਕਲਦੀਆਂ ਨੇ ਜੋ ਸਾਡੇ ਵਾਤਾਅਨੁਕੂਲ ਕਰਨ ਵਾਲੇ ਉਪਕਰਨਾਂ ਵਿੱਚੋਂ ਤੇ ਵਰਤੇ ਜਾਂਦੇ ਪਥਰਾਹਟੀ ਬਾਲਣਾਂ ਵਿੱਚੋਂ !

**ਔਰਤ ਸੂਤਰਧਾਰ:** ਹੋਈ ਸੀ ਗੱਲ ਕਿ ਇਨ੍ਹਾਂ ਬਦਲਾਵਾਂ ਨੂੰ ਘਟਾਇਆ ਜਾ ਸਕਦਾ ਹੈ ਹਰਿਤ ਘਰ ਗੈਸਾਂ 'ਤੇ ਪਾ ਕੇ ਕਾਬੂ !

**ਮਰਦ ਸੂਤਰਧਾਰ:** ਦੱਸਿਆ ਸੀ ਕਿ ਕਾਬੂ ਪਾਉਣ ਵਾਸਤੇ ਜਰੂਰੀ ਹੈ ਇਸਦੀ ਗੰਭੀਰਤਾ ਬਾਬਤ ਸੂਚਨਾ ਅਤੇ ਚੇਤਨਾ !

**ਔਰਤ ਸੂਤਰਧਾਰ:** ਸੁਣਾ ਦਿੱਤਾ ਸੀ ਇਹ ਭੇਦ ਵੀ ਕਿ ਇਨ੍ਹਾਂ ਯਤਨਾਂ ਦੀ ਲੋੜ ਹੈ ਸਾਰੀ ਦੁਨੀਆਂ ਦੇ ਪੱਧਰ ਤੇ ਕਿਉਂ ਜੋ ਜਲਵਾਯੂ ਸਰਹੱਦਾਂ ਤੋਂ ਉਰ ਦੀ ਹੈ ਗੱਲ !

**ਮਰਦ ਸੂਤਰਧਾਰ:**ਦੱਸਿਆ ਸੀ ਕਿ ਰੀਓ ਡੀ ਜਿਨੇਰੋ ਵਿੱਚ ਕੀਤੀ ਸੀ ਸੁਰੂਆਤ ਵਿਸ਼ਵ ਵਿਆਪੀ ਯਤਨਾਂ ਦੀ 1992ਵਿੱਚ!

**ਔਰਤ ਸੂਤਰਧਾਰ:** ਸੁਣਾਇਆ ਸੀ ਬ੍ਰਿਤਾਂਤ ਕਿ ਅੰਤਰ ਰਾਸਟਰੀ ਪੱਧਰ ਦਾ ਦੂਜਾ ਵੱਡਾ ਉਪਰਾਲਾ ਸੀ 197 ਦੇਸਾਂ ਦਾ ਸੰਯੁਕਤ ਰਾਸਟਰ ਜਲਵਾਯੂ ਬਦਲਾਅ ਚੌਖਟਾ ਸੰਮੇਲਨ !

**ਮਰਦ ਸੂਤਰਧਾਰ:** ਹੋਈ ਸੀ ਚਰਚਾ ਕਿਉਟੋ ਨਿਯਮਾਵਲੀ ਦੀ ਵੀ ਜਿਸ ਉਪਰ ਹਰ ਦੇਸ਼ ਹੋਇਆ ਪਾਬੰਦ ਕਾਨੂੰਨੀ ਤੌਰ ‘ਤੇ !

**ਔਰਤ ਸੂਤਰਧਾਰ:**ਬ੍ਰਿਤਾਂਤ ਸੀ ਜਲਵਾਯੂ ਬਦਲਾਅ ਦੇ ਖੇਤਰ ਵਿੱਚ 2015 ਵਿੱਚ ਹੋਏ ਇੱਕ ਅਹਿਮ ਐਲਾਨਨਾਮੇ ਦਾ , ਕਿਹਾ ਜਾਂ ਦਾ ਹੈ ਜਿਸ ਨੂੰ ਪੈਰਿਸ ਐਲਾਨਨਾਮਾ ਜੋ ਸਾਬਤ ਹੋਇਆ ਸੱਭ ਤੋਂ ਵੱਧ ਪ੍ਰਭਾਵਸ਼ਾਲੀ !

**ਮਰਦ ਸੂਤਰਧਾਰ:** ਇਸ ਐਲਾਨਨਾਮੇ ਤੋਂ ਬਾਅਦ ਭਾਰਤ ਨੇ ਆਪਣੇ ਨਵਿਆਉਣਯੋਗ ਊਰਜਾ ਦੇ ਟੀਚਿਆਂ ਵਧਾ ਕੇ 175 ਗੀਗਾਵਾਟ ਕਰ ਦਿੱਤੇ ਹਨ !

**ਔਰਤ ਸੂਤਰਧਾਰ:** ਅੱਜ ਸੁਣਾਵਾਂਗੇ ਕਹਾਣੀ ਪਰਬਤੀ ਪਰਿਆਵਰਣੀ ਪਰਸਿਥਿਤਿਕ ਤੰਤਰ ਦੀ, ਇਸਦੇ ਬਚਾਅ ਦੀ ਤੇ ਪਰਬਤੀ ਲੋਕਾਂ ਦੇ ਟਿਕਾਊ ਵਿਕਾਸ ਵਾਸਤੇ ਪਰਿਵਰਣੀ ਪ੍ਰਸਿਥਿਤਿਕ ਤੰਤਰ ਨਾਲ ਇਕਸੁਰਤਾ ਵਾਲੇ ਸੈਰ ਸਪਾਟੇ ਦੀ !

**ਮਰਦ ਸੂਤਰਧਾਰ:** ਕਹਾਣੀ, ਉਨ੍ਹਾਂ ਵਿਧੀਆਂ ਦੀ ਜੋ ਅਪਣਾਈਆਂ ਜਾ ਸਕਦੀਆਂ ਨੇ ਪਹਾੜਾਂ ਦੀ ਇਸ ਦੁਨੀਆਂ ਦੇ ਪਰਿਆਵਰਣ ਦੀ ਰਾਖੀ ਵਾਸਤੇ !

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ ਟਿਕਾਊ ਵਿਕਾਸ – “**ਚਲਦੀ ਰਹੇ ਇਹ ਜਿੰਦਗੀ**” ਦੀ 30ਵੀਂ ਕੜੀ ,“**ਸੁਣੋ ! ਪਹਾੜਾਂ ਦੀਆਂ ਧੜਕਣਾਂ ਸੁਣੋ**”! ਲਓ ਸੁਣੋ ਹੁਣ ਕਰਕੇ ਬਿਰਤੀਆਂ ਇਕਾਗਰ ! ਇਉਂ ਪੇਸ਼ ਕਰਦੇ ਨੇ ਇਹ ਕਹਾਣੀ ! ਸਾਡੇ ਕਲਾਕਾਰ!

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੱਧਮ ਪੈਂਦਾ ਹੈ)

…………**ਕੜੀ ਦਾ ਸੰਗੀਤ**…………

**ਸਿਰਲੇਖ ਧੁਨੀ ………………………………ਮੱਧਮ ਪੈਂਦੀ ਹੈ**

**(ਦ੍ਰਿਸ਼ ਪਰਿਵਰਤਨ ਦਾ ਸੰਗੀਤ)**

**ਦ੍ਰਿਸ਼ -ਪਹਿਲਾ**

**(ਮੋਨੂੰ ਦੇ ਇਮਤਿਹਾਨ ਹੁਣੇ-ਹੁਣੇ ਖ਼ਤਮ ਹੋਏ ਹਨ ਤੇ ਉਹ ਛੁੱਟੀਆਂ ਮਨਾਉਣ ਜਾਣਾ ਚਾਹੁੰਦਾ ਹੈ। ਉਹ ਆਪਣੀ ਪੜਦਾਦੀ ਨਾਲ ਇਸ ਬਾਰੇ ਗੱਲ ਕਰਦਾ ਏ)**

**ਮੋਨੂੰ:** **(ਉਤਸੁਕਤਾ ਤੇ ਖੁਸ਼ੀ ਨਾਲ):** ਵੱਡੀ ਦਾਦੀ ਮਾਂ… ਕਿੱਥੇ ਓ ਤੁਸੀਂ? ਮੈਂ ਤੁਹਾਡੇ ਕੋਲੋਂ ਕਹਾਣੀ ਸੁਣਨੀ ਆ।

**(ਪੜਦਾਦੀ ਦੂਰੋਂ ਹੀ ਮੋਨੂੰ ਨੂੰ ਆਖਦੀ ਹੋਈ… ਹੌਲੀ-ਹੌਲੀ ਉਸ ਕੋਲ ਪਹੁੰਚਦੀ ਏ।)**

**ਪੜਦਾਦੀ:** ਬੇਟਾ ਮੋਨੂੰ… ਮੈਂ ਇੱਥੇ ਹਾਂ.. ਕੀ ਹੋਇਆ? ਕੀ ਚਾਹੀਦਾ?

**ਮੋਨੂੰ:** ਵੱਡੀ ਦਾਦੀ ਮਾਂ, ਮੈਂ ਤੁਹਾਡੇ ਕੋਲੋਂ ਕਹਾਣੀ ਸੁਣਨੀ ਏ... ਤੁਸੀਂ ਵਾਅਦਾ ਕੀਤਾ ਸੀ ਮੇਰੇ ਇਮਤਿਹਾਨ ਖ਼ਤਮ ਹੋ ਜਾਣ ਤੇ ਕਹਾਣੀ ਸੁਣਾਉਣ ਦਾ !

**ਪੜਦਾਦੀ:** (ਹੱਸਦੇ ਹੋਏ) ਹਾਂ..

**ਮੋਨੂੰ:** ਤਾਂ ਹੁਣ ਸੁਣਾਉ.. ਮੇਰੇ ਇਮਤਿਹਾਨ ਤਾਂ ਖ਼ਤਮ ਵੀ ਹੋ ਗਏ ! ਮੈਂ ਤਾਂ ਹੁਣ ਵਿਹਲਾ ਵੀ ਹਾਂ !

**ਪੜਦਾਦੀ:** (ਹੱਸਦੇ ਹੋਏ): ਠੀਕ ਆ ਮੋਨੂੰ... ਸੁਣਾਉਂਦੀ ਹਾਂ ਕਹਾਣੀ...ਇਕ ਘੁੱਟ ਪਾਣੀ ਦੀ ਪੀ ਲਵਾਂ ਪਹਿਲਾਂ...।

**(ਪੜਦਾਦੀ ਗਲਾਸ ਵਿਚ ਪਾਣੀ ਪਾਉਂਦੀ ਏ ਤੇ ਪੀਂਦੀ ਹੈ)**

**ਮੋਨੂੰ:** ਤਿਆਰ???

**ਪੜਦਾਦੀ:** (ਹੱਸਦੇ ਹੋਏ): ਹਾਂ, ਤਿਆਰ.... ਸੁਣ.. ਇਹ ਹੈ ਮੇਰੀ ਹੱਡ ਬਤਿ ! ਯਾਣੀ ਕਿ ਮੇਰੀ ਜ਼ਿੰਦਗੀ ਦੀ ਸੱਚੀ ਕਹਾਣੀ , ਜਿਹੜੀ ਮੈਂ ਆਪਣੇ ਪਿੰਡੇ 'ਤੇ ਹੰਢਾਈ ਐ...!

**ਮੋਨੂੰ:** ਅੱਛਾ !

**(ਪੜਦਾਦੀ ਯਾਦਾਂ ਵਿਚ ਖੋ ਜਾਂਦੀ ਹੈ.. ਉਹ ਵਕਤ... ਉਹ ਹਲਾਤ.. ਇਕ-ਇਕ ਕਰਕੇ ਉਹ ਦੱਸਣਾ ਸ਼ੁਰੂ ਕਰਦੀ ਏ..। ਪਿਛੋਕੜ ਵਿੱਚ ਸੰਗੀਤ ਵੱਜਣਾ ਸ਼ੁਰੂ ਹੁੰਦਾ ਏ)**

**ਪੜਦਾਦੀ:** ਸਾਡੇ ਦੌਰ ਵਿਚ ਨਾ ਤਾਂ ਮੋਟਰ ਗੱਡੀਆਂ ਸਨ, ਨਾ ਕੋਈ ਹੋਰ ਵਾਹਨ, ਨਾ ਟੀ.ਵੀ., ਨਾ ਫ਼ਿਲਮਾਂ ਤੇ ਨਾ ਹੀ ਐਨੀਆਂ ਆਵਾਜ਼ਾਂ... (ਥੋੜ੍ਹਾ ਰੁਕ ਕੇ) ਮੈਂ ਇੱਥੇ ਜੰਮੀ... ਵੱਡੀ ਹੋਈ... ਮੇਰਾ ਵਿਆਹ ਹੋਇਆ...ਬੱਚੇ ਹੋਏ... ਤੇ ਫਿਰ ਬੱਚਿਆਂ ਦੇ ਬੱਚੇ ਅਤੇ ਫਿਰ ਉਨ੍ਹਾਂ ਦੇ ਵੀ ਬੱਚੇ... ਮੈਂ ਆਪਣੀ ਪੂਰੀ ਜ਼ਿੰਦਗੀ ਇੱਥੇ ਕੱਟੀ... ਇੱਥੇ ਇਸੇ ਪਿੰਡ ਵਿਚ ਜਿਹੜਾ ਉਸ ਵਕਤ ਬਹੁਤ ਹੀ ਛੋਟਾ ਸੀ... ਧਰਮਾਗੀਰੀ ਦੀ ਢਲਾਣ ਵਾਲੀ ਜ਼ਮੀਨ 'ਤੇ... ਇਕ ਅਜਿਹਾ ਪਿੰਡ ਜਿੱਥੋਂ ਦੇ ਨਦੀ-ਨਾਲੇ, ਪੇੜ-ਪੌਦੇ, ਪਸ਼ੂ-ਪੰਛੀ... ਸਾਰੇ ਮੇਰੇ ਦੋਸਤ ਸਨ... ਮੇਰੇ ਸਾਥੀ... ਮੇਰੀ ਜ਼ਿੰਦਗੀ ਸੰਘਰਸ਼ਾਂ ਨਾਲ ਭਰੀ ਹੋਈ ਸੀ ਪਰ ਖੁਸ਼ੀਆਂ ਵੀ ਸਨ.. ਇਕ ਦਿਨ ਮੇਰਾ ਪੁੱਤ ਨਰਾਇਣ...

**ਮੋਨੂੰ:** ਮਤਲਬ ਮੇਰੇ ਦਾਦਾ ਜੀ..

**ਪੜਦਾਦੀ:** ਹਾਂ...ਉਹ ਸਕੂਲ ਦਾ ਹੈਡਮਾਸਟਰ ਸੀ...ਇਕ ਦਿਨ ਉਹ ਮੇਰੇ ਕੋਲ ਆਇਆ ਤੇ ਮੈਨੂੰ ਹੈਰਾਨ ਕਰ ਦਿੱਤਾ...!

**ਮੋਨੂੰ:** ਅਜਿਹਾ ਕੀ ਹੋਇਆ ਵੱਡੀ ਦਾਦੀ ਮਾਂ.. ਕੋਈ ਖ਼ਾਸ ਗੱਲ ?

**ਪੜਦਾਦੀ:** ਰਮਤੇ ਦੀ ਚਾਹ ਦੀ ਦੁਕਾਨ 'ਤੇ ਉਸਦੀ ਸਾਗਰ ਨਾਲ ਕੋਈ ਬਹਿਸ ਹੋ ਗਈ ਸੀ...!

**ਮੋਨੂੰ:** ਕੌਣ ਸਾਗਰ...?

**ਪੜਦਾਦੀ:** ਸਾਗਰ (ਥੋੜ੍ਹਾ ਰੁਕ ਕੇ) ਉਹ ਪਿੰਡ ਵਿਚ ਨਵਾਂ ਸੀ... ਸੀ ਤਾਂ ਅਜਨਬੀ...ਪਰ ਕੁਝ ਸੋਚ ਸਮਝ ਕੇ ਪਿੰਡ ਵਿਚ ਆਇਆ ਸੀ...!

**(ਦ੍ਰਿਸ਼ ਪਰਿਵਰਤਨ ਦਾ ਸੰਗੀਤ)**

**ਦ੍ਰਿਸ਼ – ਦੂਜਾ**

(ਰਮਤੇ ਦੀ ਚਾਹ ਦੀ ਦੁਕਾਨ ਦੀ ਦ੍ਰਿਸ਼.. ਚਾਹ ਦੀ ਦੁਕਾਨ ਵਿਚੋਂ ਆਉਣ ਵਾਲੀਆਂ ਆਵਾਜ਼ਾਂ.. ਫ਼ਿਲਮੀ ਗੀਤ ਦੀ ਆਵਾਜ਼... ਜਿਵੇਂ ਹੀ ਵਾਰਤਾਲਾਪ ਸ਼ੁਰੂ ਹੁੰਦਾ ਏ... ਓਵੇਂ ਹੀ ਸੰਗੀਤ ਦੀ ਆਵਾਜ਼ ਮੱਧਮ ਹੁੰਦੀ ਜਾਂਦੀ ਹੈ)

ਰਮਤਾ: (ਨਰਾਇਣ ਨੂੰ): ਨਮਸਕਾਰ ਸਰ... ਤੁਹਾਡੇ ਲਈ ਸਪੈਸ਼ਲ ਕੜਕ ਚਾਹ ਬਣਾਵਾਂ ?

ਨਰਾਇਣ: ਓ ਹਾਂ.. ਹਾਂ.. ਕਿਉਂ ਨਹੀਂ.. (ਹੱਸਦੇ ਹੋਏ) ਭਰਾ... ਚਾਹ ਦੇ ਬਿਨਾਂ ਤਾਂ ਅਧਿਆਪਕ ਅਧੂਰਾ ਹੁੰਦਾ... ਤਾਂ ਬਣਾਉ ਰਮਤਾ ਇਕ ਸ਼ਪੈਸ਼ਲ ਚਾਹ!

ਸਾਗਰ: ਨਮਸਕਾਰ! ਮੈਂ ਹਾਂ ਸਾਗਰ !

ਨਰਾਇਣ: ਨਮਸਕਾਰ! ਮੇਰਾ ਨਾਂ ਨਰਾਇਣ ਏ... ਮੈਂ ਇਥੋਂ ਦੇ ਸਕੂਲ ਦਾ ਮੁੱਖ ਅਧਿਆਪਕ ਹਾਂ... ਚਾਹ ਪੀਓਗੇ...?

ਸਾਗਰ: ਹਾਂ.. ਹਾਂ.. ਕਿਉਂ ਨਹੀਂ...!

ਨਰਾਇਣ: ਰਮਤਾ... ਇਕ ਹੋਰ ਚਾਹ... ਮੇਰੇ ਨਵੇਂ ਦੋਸਤ ਸਾਗਰ ਦੇ ਲਈ... ਚੰਗਾ ਸਾਗਰ ਕੁਝ ਆਪਣੇ ਬਾਰੇ ਦੱਸੋ... ਮੈਂ ਇਸ ਤੋਂ ਪਹਿਲਾਂ ਤੁਹਾਨੂੰ ਇਸ ਪਿੰਡ ਵਿਚ ਕਦੇ ਨਹੀਂ ਦੇਖਿਆ.. ਪਿੰਡ ਵਿਚ ਨਵੇਂ ਆਏ ਓ...?

ਸਾਗਰ: ਹਾਂ...ਸਹੀ ਕਿਹਾ ਤੁਸੀਂ... ਬਸ! ਕੁਝ ਦਿਨ ਪਹਿਲਾਂ ਹੀ ਇਸ ਪਿੰਡ ਆਇਆ ਹਾਂ.. ਇਥੋਂ ਬਜ਼ਾਰ ਤੋਂ ਥੋੜ੍ਹਾ ਦੂਰ ਇਕ ਮਕਾਨ ਕਰਾਏ ‘ਤੇ ਲਿਆ ਏ... ਥੋੜ੍ਹਾ ਪੁਰਾਣਾ ਏ ਪਰ, ਠੀਕ... ਐ (ਹੱਸਦੇ ਹੋਏ) ਮੈਂ ਇਥੇ ਸਿਰਫ਼ 6 ਮਹੀਨਿਆਂ ਦੇ ਲਈ ਆਇਆ ਹਾਂ...!

ਰਮਤਾ: (ਉਤਸੁਕਤਾ ਨਾਲ) ਸਿਰਫ਼ 6 ਮਹਿਨੇ ਦੇ ਲਈ... ਅਜਿਹਾ ਕਿਉਂ? ਕਿਸੇ ਕਾਰੋਬਾਰ ਦੇ ਸਿਲਸਿਲੇ ਵਿਚ ?

ਸਾਗਰ: (ਉਪਹਾਸ ਕਰਦੇ ਹੋਏ) ਹੋਰ ਨਹੀਂ ਤਾਂ ਕੀ...? ਤੁਹਾਨੂੰ ਕੀ ਲੱਗਦਾ ਏ...? ਮੈਂ ਅਜਿਹੀ ਬੇਕਾਰ ਥਾਂ ‘ਤੇ ਕਿਉਂ ਆਵਾਂਗਾ...? ਅਸੀਂ ਇੱਥੇ ਇਕ ਹੋਟਲ ਬਣਾ ਰਹੇ ਹਾਂ...! ਇਕ ਪੰਜ ਤਾਰਾ ਹੋਟਲ...!

ਰਮਤਾ: (ਚਾਹ ਦਿੰਦੇ ਹੋਏ) ਪੰਜ ਤਾਰਾ ਹੋਟਲ...! ਅਤੇ ਉਹ ਵੀ ਸਾਡੇ ਪਿੰਡ ਵਿਚ...!!

ਸਾਗਰ: (ਮਾਣ ਨਾਲ) ਜੀ ਹਾਂ...! ਇਕ ਬਹੁਤ ਹੀ ਸੁੰਦਰ...! ਆਲੀਸ਼ਾਨ...! ਬਹੁਮੰਜਿਲਾਂ ਹੋਟਲ...! ਤਿੰਨ ਸੌ ਕਮਰੇ...!ਖਰੀਦਦਾਰੀ ਦੇ ਲਈ ਵੱਡਾ ਜਿਹਾ ਬਜ਼ਾਰ...! ਸਵਿਮਿੰਗ ਪੂਲ...!ਹੈਲਥ ਕਲੱਬ...! ਸਿਨਮਾਘਰ...! ਅਤੇ ਹੋਰ ਬਹੁਤ ਕੁਝ...!

ਨਰਾਇਣ: (ਹੈਰਾਨੀ ਨਾਲ) ਪਰ ਸਾਡਾ ਪਿੰਡ ਤਾਂ ਬਹੁਤ ਛੋਟਾ ਏ...! ਕੇਵਲ ਪੰਜ ਸੌ ਦੀ ਆਬਾਦੀ...! ਤਿੰਨ ਸੌ ਕਮਰੇ ਵਾਲੇ ਹੋਟਲ ਦਾ ਅਸੀਂ ਕੀ ਕਰਾਂਗੇ...!

ਸਾਗਰ: ਪਿੰਡ ਵਾਲੇ...! ਉਹ ਤਾਂ ਬਿਲਕੁਲ ਮੂਰਖ ਹਨ...! (ਨਰਾਇਣ ਨੂੰ) ਦੇਖੋ ਉਸ ਆਦਮੀ ਨੂੰ...! (ਕੁਰਸੀ ਤੋਂ ਉਠ ਕੇ ਉੱਚੀ ਆਵਾਜ਼ ਵਿਚ ਉਤਸ਼ਹਿਤ ਹੋ ਕੇ) ਇਹ ਬਹੁਤ ਖੁਬਸੂਰਤ ਪਿੰਡ ਏ...! ਘਾਟੀ ਦੇ ਵਿਚੋਂ...! ਇਸ ਪਿੰਡ ਵਿਚੋਂ ਹੁੰਦੀ ਇਹ ਨਦੀ ਕਿੰਨੀ ਖੁਬਸੂਰਤ...! ਅਤੇ ਸਾਫ਼-ਸਫ਼ਾਈ ਵਿਚ ਨੰਬਰ ਇੱਕ...! ਐਨਾ ਸਾਫ਼ ਕਿ ਮੈਂ ਪਹਿਲਾਂ ਕਦੇ ਨਹੀਂ ਦੇਖਿਆ...! ਧਰਮਾਗੀਰੀ ਦੀ ਪਹਾੜੀ ਦਾ ਨਜ਼ਾਰਾ ਕਿੰਨਾ ਖੁਬਸੂਰਤ ਲੱਗਦਾ ਏ ਇਥੋਂ...! ਝਰਨੇ... ਪੇੜ-ਪੌਦੇ.. ਤੇ ਜੰਗਲੀ ਜੀਵ...! ਸਭ ਕੁਝ ਸ਼ਾਨਦਾਰ...! ਬਹੁਤ ਖੁਬਸੂਰਤ...! ਅਸੀਂ

ਔਹ ਧਰਮਾਗੀਰੀ ਦੀ ਉੱਚੀ ਪਹਾੜੀ ‘ਤੇ ਹੋਟਲ ਬਣਾਵਾਂਗੇ...! ਓਥੋਂ ਇਹ ਪਿੰਡ ਸਾਫ਼ ਦਿਖੇਗਾ...! ਹੈ ਨਾ ਚੰਗਾ ਵਿਚਾਰ?

**ਨਰਾਇਣ:** (ਹੈਰਾਨੀ ਨਾਲ) ਇੱਥੇ ਤਾਂ ਇਕ ਹੀ ਚੀਜ਼ ਬਣਾਈ ਗਈ ਏ...! ਤਿੰਨ ਸੌ ਸਾਲ ਪੁਰਾਣਾ ਮੰਦਿਰ...!

**ਰਮਤਾ:** ਉਹ ਪਹਾੜੀ ਤਾਂ ਸਾਡੇ ਲਈ ਪੂਜਣਯੋਗ ਹੈ...! ਉਥੋਂ ਹੀ ਵਹਿਣ ਵਾਲੀ ਨਦੀ ਹੀ ਤਾਂ ਸਾਡੀ ਜ਼ਮੀਨ ਨੂੰ ਉਪਜਾਊ ਬਣਾਉਂਦੀ ਹੈ... ਤੇ ਸਾਡੀਆਂ ਫ਼ਸਲਾਂ ਨੂੰ ਵਧਣ-ਫੁੱਲਣ ਵਿਚ ਮੱਦਦ ਕਰਦੀ ਹੈ...! ਤੁਸੀਂ ਉੱਥੇ ਹੋਟਲ ਕਿਵੇਂ ਬਣਾ ਸਕਦੇ ਓ?

**ਨਰਾਇਣ:** ਪਹਾੜੀ ‘ਤੇ ਪਹੁੰਚਣ ਦੇ ਲਈ ਇਕ ਛੋਟਾ ਜਿਹਾ ਕੱਚਾ ਰਸਤਾ ਹੀ ਤਾਂ ਏ...! ਤੁਹਾਡੀਆਂ ਗੱਡੀਆਂ ਉੱਤੇ ਨਹੀਂ ਪਹੁੰਚ ਸਕਦੀਆਂ...! ਤੇ ਸਾਡੇ ਘਰਾਂ ਦਾ ਕੀ ਹੋਵੇਗਾ...! ਉਨ੍ਹਾਂ ਵਿਚੋਂ ਇਕ ਘਰ ਮੇਰਾ ਵੀ ਏ...! ਉਸੇ ਢਲਾਣ ਦੇ ਕੋਲ...! ਉਸਦਾ ਕੀ ਹੋਵੇਗਾ?

**ਸ਼ਾਗਰ:** ਘਬਰਾਉਣ ਦੀ ਕੋਈ ਗੱਲ ਨਹੀਂ...! ਮੈਂ ਤੁਹਾਨੂੰ ਸਮਝਾਉਦਾ ਹਾਂ...! ਇਹ ਹੋਟਲ ਦਵਿੰਦਰ ਸਾਹਿਬ ਬਣਵਾ ਰਹੇ ਹਨ...! ਸੁਣਿਆ ਐ ਉਨ੍ਹਾਂ ਦੇ ਬਾਰੇ...? ਅਰਬਾਂ ਖਰਬਾਂ ਵਿੱਚ ਖੇਡਣਵਾਲੇ ਦਿੱਲੀ ਦੇ ਉਦਯੋਗਪਤੀ ਹਨ...! ਉਨ੍ਹਾਂ ਨੇ ਸਰਕਾਰ ਤੋਂ ਆਗਿਆ ਲਈ ਏ...! ਮੇਰੀ ਕੰਪਨੀ ਨੂੰ ਇਸ ਨੂੰ ਬਣਾਉਣ ਦਾ ਠੇਕਾ ਮਿਲਿਆ...!! ਸਭ ਕੁਝ ਤੈਅ ਹੋ ਚੁੱਕਿਆ... ਮੈਂ ਤਾਂ ਇੱਥੇ ਬਸ! ਕੰਮ ਸ਼ੁਰੂ ਕਰਵਾਉਣ ਆਇਆ ਹਾਂ...!

**ਰਮਤਾ:** (ਉਤੇਜਿਤ ਹੋ ਕੇ) ਓ...! ਪਿੰਡ ਵਿਚ ਕਿਸੇ ਨੂੰ ਇਸ ਬਾਰੇ ਕੁਝ ਵੀ ਪਤਾ ਨਹੀਂ...! ਮੈਨੂੰ ਪਤਾ ਹੈ...! ਪਿੰਡ ਵਾਲਿਆਂ ਨੂੰ ਬਹੁਤ ਬੁਰਾ ਲੱਗੇਗਾ...!

**ਸਾਗਰ:** (ਹੰਕਾਰ ਨਾਲ) ਚਿੰਤਾ ਨਾ ਕਰੋ ਮੇਰੇ ਦੋਸਤ...! ਬਿਲਕੁਲ ਚਿੰਤਾ ਨਾ ਕਰੋ...! ਪਿੰਡ ਨੂੰ ਇਸ ਨਾਲ ਨੁਕਸਾਨ ਨਹੀਂ ਹੋਵੇਗਾ...! ਜਦੋਂ ਅਸੀਂ ਇੱਥੇ ਪੱਕੀ ਸੜਕ ਬਣਾਵਾਂਗੇ ਤਾਂ ਕੁਝ ਘਰਾਂ ‘ਤੇ ਅਸਰ ਤਾਂ ਹੋਵੇਗਾ ਪਰ ਅਸੀਂ ਉਨ੍ਹਾਂ ਦੀ ਥਾਂ ‘ਤੇ ਉਨ੍ਹਾਂ ਨੂੰ ਨਵੇਂ ਘਰ ਬਣਾ ਕੇ ਦੇਵਾਂਗੇ...! ਇਹ ਜਿਹੜਾ ਹੋਟਲ ਇੱਥੇ ਬਣ ਰਿਹਾ...! ਉਹ ਬਹੁਤ ਹੀ ਸ਼ਾਨਦਾਰ ਹੋਵੇਗਾ...! ਐਨੇ ਸਾਰੇ ਯਾਤਰੀ ਇੱਥੇ ਆਉਣਗੇ ਕਿ ਤੁਸੀਂ ਦੇਖਦੇ ਹੀ ਰਹਿ ਜਾਉਗੇ...! ਖ਼ਾਸ ਕਰਕੇ ਪੈਸੇ ਵਾਲੇ ਯਾਤਰੀ...!

**ਨਰਾਇਣ:** (ਸ਼ੱਕ ਕਰਦੇ ਹੋਏ) ਪਰ ਇਸ ਹੋਟਲ ਨੂੰ ਬਣਾਉਣ ਦੇ ਲਈ ਲੋਕ ਕਿੱਥੋਂ ਆਉਣਗੇ...! ਮਸ਼ੀਨਾਂ ਕਿੱਥੇ ਹਨ?

**ਸਾਗਰ:** (ਹੱਸਦੇ ਹੋਏ) ਉਸ ਸਭ ਤਾਂ ਇੰਤਜ਼ਾਮ ਹੋ ਜਾਏਗਾ...! ਸਾਡੇ ਮਾਲਕ ਦਵਿੰਦਰ ਸਾਹਿਬ...! ਬਿਲਕੁਲ ਵੀ ਸਮਾਂ ਬਰਬਾਦ ਨਹੀਂ ਕਰਨਗੇ...! ਉਨ੍ਹਾਂ ਦਾ ਪ੍ਰਭਾਵ ਅਜਿਹਾ ਏ ਕਿ ਕੁਝ ਵੀ ਕਰ ਸਕਦੇ ਹਨ...! ਬਹੁਤ ਛੇਤੀ ਇੱਥੇ ਟਰੱਕਾਂ ਤੇ ਟਰੇਲਰਾਂ ਵਿਚ ਭਰ ਕੇ ਸਮਿੰਟ, ਇੱਟਾਂ, ਸਟੀਲ, ਮਾਰਬਲ ਅਤੇ ਬਾਕੀ ਚੀਜ਼ਾਂ ਆ ਜਾਣਗੀਆਂ...! ਛੇਤੀ ਹੀ ਸੈਂਕੜੇ ਮਜ਼ਦੂਰ ਵੀ ਇੱਥੇ ਆ ਜਾਣਗੇ ਜਿਹੜੇ ਛੇਤੀ ਤੋਂ ਛੇਤੀ ਇਹ ਕੰਮ ਪੂਰਾ ਕਰ ਦੇਣਗੇ...!

**ਰਮਤਾ:** ਸੈਂਕੜੇ ਮਜ਼ਦੂਰ...! ਉਹ ਰਹਿਣਗੇ ਕਿੱਥੇ?

**ਸਾਗਰ:** ਮਜ਼ਦੂਰਾਂ ਦੇ ਲਈ ਅਸੀਂ ਇੱਥੇ ਪਹਾੜੀ ਦੇ ਹੇਠਾਂ ਕੁਝ ਅਸਥਾਈ ਅਵਾਸ ਬਣਾਵਾਂਗੇ...!ਕੋਈ ਪ੍ਰੇਸ਼ਾਨੀ ਨਹੀਂ...!

**ਨਰਾਇਣ:** ਤੁਹਾਡਾ ਮਤਲਬ...! ਇੱਥੇ ਬਸਤੀਆਂ ਬਣਾਉਗੇ...!

**ਸਾਗਰ:** (ਮੋਢੇ ਮਾਰਦੇ ਹੋਏ) ਇਹੀ ਤਾਂ ਹੁੰਦਾ ਆਇਆ ਉਨ੍ਹਾਂ ਨਾਲ...! ਚੂਹਿਆਂ ਦੀ ਤਰ੍ਹਾਂ ਰਹਿੰਦੇ ਹਨ ਇਹ ਲੋਕ...! ਦੇਖਿਆ ਨਹੀਂ ਤੁਸੀਂ...?

ਨਰਾਇਣ: (ਗੁੱਸੇ ਵਿਚ) ਮਿਸਟਰ ਸਾਗਰ…! ਮੈਂ ਧਰਮਾਗੀਰੀ ਵਿਚ ਇਸ ਹੋਟਲ ਦੇ ਬਣਨ ਦੇ ਸਖ਼ਤ ਖਿਲਾਫ਼ ਹਾਂ…! ਮੈਨੂੰ ਲੱਗਦਾ ਏ ਕਿ ਸਾਨੂੰ ਪਿੰਡ ਵਾਲਿਆਂ ਨਾਲ ਪਹਿਲਾਂ ਇਸ ਬਾਰੇ ਗੱਲ ਕਰਨੀ ਚਾਹੀਦੀ ਸੀ…! ਦਵਿੰਦਰ

ਸਾਹਿਬ ਨੂੰ ਸਾਡੇ ਤੋਂ ਪੁੱਛਣਾ ਚਾਹੀਦਾ ਸੀ ਕਿ ਅਸੀਂ ਇਸ ਸਬੰਧੀ ਕੀ ਸੋਚਦੇ ਹਾਂ…!

ਸਾਗਰ: ਮੈਨੂੰ ਤਾਂ ਤੁਹਾਡੀਆਂ ਗੱਲਾਂ 'ਤੇ ਹਾਸੀ ਆ ਰਹੀ ਏ…! ਦਵਿੰਦਰ ਸਾਹਿਬ ਜਿਹੜੇ ਦਰਜਨਾਂ ਮਾਲਜ਼ ਦੇ ਮਾਲਕ ਹਨ…! ਜਿਨ੍ਹਾਂ ਦੇ ਕਈ ਵੱਡੇ-ਵੱਡੇ ਆਲੀਸ਼ਾਨ ਹੋਟਲ ਹਨ…!ਦੋ ਦਵਾਈਆਂ ਦੀਆਂ ਕੰਪਨੀਆਂ ਹਨ…! ਜਿਹੜੇ ਸਭ ਤੋਂ ਵੱਡੀ ਬਿਸਕੁਟ ਫੈਕਟਰੀ ਦੇ ਮਾਲਕ ਹਨ…!ਜਿਨ੍ਹਾਂ ਦੀਆਂ ਹੋਰ ਕਈ ਫੈਕਟਰੀਆਂ ਹਨ…! ਦੁਨੀਆਂ ਦੇ ਅਲੱਗ-ਅਲੱਗ ਹਿੱਸਿਆਂ ਵਿਚ ਪੰਜ ਹਵੇਲੀਆਂ ਹਨ…! ਤੁਹਾਨੂੰ ਲੱਗਦਾ ਏ ਕਿ ਉਨ੍ਹਾਂ ਨੂੰ ਤੁਹਾਡੇ ਨਾਲ ਗੱਲ-ਬਾਤ ਕਰਨੀ ਚਾਹੀਦੀ ਸੀ…! ਉਨ੍ਹਾਂ ਦੇ ਕੋਲ ਪੈਸਾ ਏ…, ਦਿਮਾਗ ਏ…, ਤਾਕਤ ਏ…, ਕੋਸ਼ਿਸ਼ਾਂ ਹਨ…! ਤੁਹਾਡੇ ਪਿੰਡ ਵਾਲਿਆਂ ਕੋਲ ਤਾਂ ਕੁਝ ਵੀ ਨਹੀਂ…! ਤੁਹਾਡਾ ਇਸ ਨਾਲ ਕੋਈ ਸਰੋਕਾਰ ਨਹੀਂ…!

ਰਮਤਾ: ਤੁਸੀਂ ਅਜੇ ਸਾਨੂੰ ਜਾਣਦੇ ਨਹੀਂ…! ਸਾਡਾ ਇਸ ਮਾਮਲੇ ਨਾਲ ਪੂਰਾ ਸਰੋਕਾਰ ਏ…!

**(ਦ੍ਰਿਸ਼ ਪਰਿਵਰਤਨ ਦਾ ਸੰਗੀਤ)**

**ਦ੍ਰਿਸ਼ -ਤੀਜਾ**

**( ਘਰ ਵਿਚ ਮੋਨੂੰ ਅਤੇ ਉਸਦੀ ਪੜਦਾਦੀ ਦੇ ਦਰਮਿਆਨ ਦੀ ਗੱਲਬਾਤ ਦਾ ਦ੍ਰਿਸ਼)**

ਮੋਨੂੰ: ਫਿਰ ਕੀ ਹੋਇਆ? ਤੁਸੀਂ ਕਹਾਣੀ ਵਿਚਕਾਰ ਹੀ ਕਿਉਂ ਰੋਕ ਦਿੱਤੀ?

ਪੜਦਾਦੀ: ਰੁਕ ਮੋਨੂੰ…! ਮੈਂ ਜਾਣਦੀ ਹਾਂ ਕਿ ਤੈਨੂੰ ਬਹੁਤ ਮਜ਼ਾ ਆ ਰਿਹਾ…! ਪਰ, ਉਹ ਦਿਨ ਬਹੁਤ ਦੁੱਖ ਭਰੇ ਸਨ…! ਕੇਵਲ ਸਾਡੇ ਲਈ ਨਹੀਂ, ਪਿੰਡ ਵਾਲਿਆਂ ਦੇ ਲਈ ਵੀ…!

ਮੋਨੂੰ: ਹਾਂ…! ਮੈਂ ਸਮਝ ਸਕਦਾ ਹਾਂ…! ਸਾਰੇ ਪਿੰਡ ਵਾਲੇ ਤਾਂ ਪਾਣੀ, ਖਾਣਾ ਇਥੋਂ ਤੱਕ ਕਿ ਲੱਕੜ ਦੇ ਲਈ ਉਸ ਪਹਾੜੀ 'ਤੇ ਹੀ ਨਿਰਭਰ ਸਨ…! ਤੇ ਸਿਰਫ਼ ਪਿੰਡ ਵਾਲੇ ਹੀ ਨਹੀਂ, ਸਗੋਂ ਸਾਰੇ ਜੀਵ-ਜੰਤੂ ਪੇੜ-ਪੌਦੇ ਤੇ ਪਸ਼ੂ-ਪੰਛੀ ਵੀ…! ਉਹ ਪਹਾੜੀ ਉਨ੍ਹਾਂ ਦਾ ਵੀ ਤਾਂ ਘਰ ਏ…!

ਪੜਦਾਦੀ: ਹਾਂ.. ਤੂੰ ਬਿਲਕੁਲ ਠੀਕ ਆਖਿਆ ਮੋਨੂੰ…! ਪਹਾੜੀ 'ਤੇ ਤਾਂ ਅਲੱਗ-ਅਲੱਗ ਤਰ੍ਹਾਂ ਦੇ ਜੀਵ-ਜੰਤੂ ਮਿਲਦੇ ਹਨ…, ਉਨ੍ਹਾਂ ਦੇ ਜੀਵਨ ਦੇ ਲਈ ਜ਼ਰੂਰੀ ਸਮਾਨ ਉੱਥੇ ਹੁੰਦਾ ਏ…, ਹਵਾ-ਪਾਣੀ ਤੋਂ ਲੈ ਕੇ ਪੇੜ-ਪੌਦਿਆਂ ਤੱਕ…! ਸਭ ਕੁਝ ਉਨ੍ਹਾਂ ਦੀਆਂ ਜ਼ਰੂਰਤਾਂ ਦੇ ਮੁਤਾਬਿਕ ਹੀ ਹੁੰਦਾ ਏ…!

ਮੋਨੂੰ: ਪਰ ਵੱਡੀ ਦਾਦੀ ਮਾਂ, ਸਾਡੀ ਟੀਚਰ ਨੇ ਸਾਨੂੰ ਦੱਸਿਆ ਸੀ ਕਿ ਬਹੁਤ ਸਾਰੇ ਦੁਰਲਭ ਅਤੇ ਵਿਦੇਸ਼ੀ ਪਸ਼ੂ-ਪੰਛੀਆਂ ਦੀਆਂ ਪ੍ਰਜਾਤੀਆਂ ਵੀ ਅਜਿਹੇ ਪਹਾੜਾਂ ਵਿਚ ਹੀ ਮਿਲਦੀਆਂ ਹਨ…!

ਪੜਦਾਦੀ: ਹਾਂ…! ਇਹ ਪਹਾੜ ਖਣਿਜ ਪਦਾਰਥਾਂ, ਵਣ ਉਤਪਾਦਾਂ ਅਤੇ ਖੇਤੀ ਉਤਪਾਦਾਂ ਦੇ ਸ੍ਰੋਤ ਹੁੰਦੇ ਹਨ…! ਪਹਾੜੀ 'ਤੇ ਮਿਲਣ ਵਾਲੇ ਇਨ੍ਹਾਂ ਸਾਧਨਾਂ 'ਤੇ ਦੁਨੀਆਂ ਦੀ ਜਨਸੰਖਿਆ ਦਾ ਲਗਭਗ 10% ਹਿੱਸਾ ਨਿਰਭਰ ਕਰਦਾ ਏ…! ਸਭ ਤੋਂ ਜ਼ਰੂਰੀ ਗੱਲ - ਇਹ ਪਹਾੜ ਪਾਣੀ ਦਾ ਬਹੁਤ ਚੰਗਾ ਸ੍ਰੋਤ ਹੁੰਦੇ ਹਨ…, ਜ਼ਿਆਦਾਤਰ ਨਦੀਆਂ ਇਨ੍ਹਾਂ ਪਹਾੜੀਆਂ ਵਿਚੋਂ ਹੀ ਵਹਿੰਦੀਆਂ ਹਨ…, ਇਨ੍ਹਾਂ ਪਹਾੜੀਆਂ ਨੂੰ 'ਕੁਦਰਤੀ ਪਾਣੀ ਦੇ ਮਿਨਾਰ' ਕਿਹਾ ਜਾਂਦਾ ਹੈ…!

ਮੋਨੂੰ: ਵੱਡੀ ਦਾਦੀ ਮਾਂ! ਪਹਾੜਾਂ ਤੇ ਮੌਸਮ ਦਾ ਤਾਂ ਇਕ ਅਟੁੱਟ ਰਿਸ਼ਤਾ ਹੁੰਦਾ ਏ...! ਹੈ ਨਾ...?

ਪੜਦਾਦੀ: ਹਾਂ ਮੋਨੂੰ, ਤੂੰ ਠੀਕ ਆਖਿਆ...! ਉੱਚਾਈ 'ਤੇ ਹੋਣ ਦੇ ਕਾਰਨ ਇਹ ਪਹਾੜ ਆਪਣੇ ਆਲੇ-ਦੁਆਲੇ ਦੇ ਮੌਸਮ ਨੂੰ ਆਪਣੇ ਅਨੁਕੂਲ ਬਣਾ ਲੈਂਦੇ ਹਨ...! ਪਹਾੜਾਂ ਦਾ ਆਪਣਾ ਇਕ ਮੌਸਮ ਹੁੰਦਾ ਏ...! ਉਨ੍ਹਾਂ ਨੂੰ ਇਸ ਗੱਲ ਦਾ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਕਿੱਥੇ ਖੜ੍ਹੇ ਹਨ...! ਉੱਥੇ ਮੀਂਹ ਜ਼ਿਆਦਾ ਪੈਂਦਾ ਏ..., ਕਿਉਂਕਿ ਉੱਥੇ ਦਾ ਤਾਪਮਾਨ ਸਮੁੰਦਰੀ ਤਲ ਦੇ ਤਾਪਮਾਨ ਤੋਂ ਘੱਟ ਹੁੰਦਾ ਹੈ...! ਇਸੇ ਲਈ ਤਾਂ ਤੁਹਾਨੂੰ ਪਹਾੜ ਦੀ ਚੋਟੀ 'ਤੇ ਪੂਰਾ ਸਾਲ ਬਰਫ਼ ਦਿਖ ਸਕਦੀ ਹੈ...!

ਮੋਨੂੰ: ਹਾਂ ਵੱਡੀ ਦਾਦੀ ਮਾਂ...! ਸਮੁੰਦਰੀ ਤਲ ਤੋਂ ਜਿਹੜੀ ਥਾਂ ਜਿੰਨ੍ਹੀ ਉੱਚੀ ਹੋਵੇਗੀ, ਉਹ ਉਨ੍ਹੀ ਹੀ ਜ਼ਿਆਦਾ ਠੰਢੀ ਹੋਵੇਗੀ...!

ਪੜਦਾਦੀ: ਬਿਲਕੁਲ ਸਹੀ

ਮੋਨੂੰ: ਪਰ ਉਹ ਕਹਾਣੀ ਦਾ ਕੀ ਹੋਇਆ ਵੱਡੀ ਦਾਦੀ ਮਾਂ...? ਉਹ ਤਾਂ ਪੂਰੀ ਕਰੋ...!

ਪੜਦਾਦੀ: (ਹੱਸਦੇ ਹੋਏ) ਹਾਏ! ਮੈਂ ਤਾਂ ਭੁੱਲ ਹੀ ਗਈ ਸੀ...! ਚੱਲੋ-ਚੱਲੋ ਹੁਣ ਕਹਾਣੀ ਸ਼ੁਰੂ ਕਰਦੇ ਹਾਂ...! ਪਿੰਡ ਵਾਲਿਆਂ ਨੂੰ ਪਤਾ ਲੱਗ ਗਿਆ ਸੀ ਕਿ ਸਾਗਰ ਆਪਣੀ ਗੱਲ 'ਤੇ ਅੜਿਆ ਏ ਅਤੇ ਉਹ ਛੇਤੀ ਹੀ ਉੱਥੇ ਹੋਟਲ ਬਣਾਉਣ ਦਾ ਕੰਮ ਸ਼ੁਰੂ ਕਰ ਦੇਵੇਗਾ...! ਤਾਂ ਪਿੰਡ ਵਾਲਿਆਂ ਨੇ ਉਸ ਰਾਤ ਇਕ ਬੈਠਕ ਬੁਲਾਈ...!

**(ਦ੍ਰਿਸ਼ ਪਰਿਵਰਤਨ ਦਾ ਸੰਗੀਤ)**

**ਦ੍ਰਿਸ਼ – ਚੌਥਾ**

**(ਪਿੰਡ ਵਾਲੇ ਰਾਤ ਨੂੰ ਇਕੱਠੇ ਹੋਏ ਹਨ... ਕੀਟ-ਪਤੰਗਿਆਂ ਦੇ ਉੱਡਣ ਦੀ ਆਵਾਜ਼... ਨਾਲ ਹੀ ਬਹੁਤ ਸਾਰੇ ਲੋਕਾਂ ਦੇ ਇਕੱਠ ਦਾ ਸ਼ੋਰ... ਕੁਝ ਲੋਕ ਬਹੁਤ ਉਤਸ਼ਹਿਤ ਹੋ ਕੇ ਗੱਲ ਕਰ ਰਹੇ ਹਨ.. ਹੌਲੀ-ਹੌਲੀ ਇਹ ਸਾਰੀਆਂ ਆਵਾਜ਼ਾਂ ਘੱਟਦੀਆਂ ਜਾਂਦੀਆਂ ਹਨ ਅਤੇ ਗੱਲਬਾਤ ਸ਼ੁਰੂ ਹੁੰਦੀ ਹੈ...)**

ਨਰਾਇਣ: ਦੋਸਤੋ... ਸਾਨੂੰ ਇਸ ਮੁੱਦੇ 'ਤੇ ਸ਼ਾਂਤੀ ਨਾਲ ਗੱਲ ਕਰਨੀ ਚਾਹੀਦੀ ਹੈ...! ਸਾਨੂੰ ਸਾਰਿਆਂ ਨੂੰ ਆਪਣੀ-ਆਪਣੀ ਰਾਏ ਰੱਖਣੀ ਚਾਹੀਦੀ ਏ...! ਪਰ ਇਕ-ਇਕ ਕਰਕੇ...! ਰਮਤਾ ! ਸਭ ਤੋਂ ਪਹਿਲਾ ਤੁਸੀਂ ਬੋਲੋ...!

ਰਮਤਾ: **(ਗੁੱਸੇ ਨਾਲ)** ਹੋਟਲ ਵਾਲ ਪ੍ਰਸਤਾਵ, ਮੂਰਖਤਾ ਵਾਲਾ ਪ੍ਰਸਤਾਵ ਹੈ...! ਸਾਨੂੰ ਇਸ ਪਿੰਡ ਵਿਚ ਪੰਜ ਤਾਰਾ ਹੋਟਲ ਦੀ ਜ਼ਰੂਰਤ ਹੀ ਕੀ ਏ...? ਮੇਰਾ ਹੋਟਲ ਕਾਫ਼ੀ ਨਹੀਂ...! ਰਮਤਾ ਦੀ ਚਾਹ...! ਰਮਤਾ ਦੀ ਕੌਫੀ...! ਰਮਤਾ ਦਾ ਕੁਲਚਾ...! ਦਹੀ ਭੱਲੇ..., ਟਿੱਕੀ..., ਐਨਾ ਕਾਫ਼ੀ ਨਹੀਂ...?

ਸ਼ਾਸਤਰੀ: ਸ਼ਾਂਤ ਹੋ ਜਾਉ ਰਮਤਾ...! ਤੁਹਾਡੇ ਕੁਲਚੇ ਤੇ ਟਿੱਕੀ ਦਾ ਤਾਂ ਜਵਾਬ ਨਹੀਂ...! ਤੁਹਾਡੀ ਚਾਹ-ਕੌਫੀ ਤਾਂ ਇਸ ਪਿੰਡ ਦੇ ਕੀ ਨੇੜੇ-ਤੇੜੇ ਦੇ ਪਿੰਡਾਂ ਵਿਚ ਵੀ ਬਹੁਤ ਮਸ਼ਹੂਰ ਏ...! ਮੈਂ ਮੰਨਦਾ ਹਾਂ ਕਿ ਸਾਨੂੰ ਇਸ ਪਿੰਡ ਵਿਚ ਬਹੁਮੰਜਲਾ ਪੰਜ ਤਾਰਾ ਹੋਟਲ ਦੀ ਕੋਈ ਜ਼ਰੂਰਤ ਨਹੀਂ...!

ਕੁਲਵੰਤ: ਇਹ ਚਾਹ ਦੀ ਦੁਕਾਨ ਮੇਰੇ ਲਈ ਵੀ ਬਹੁਤ ਏ ਪਰ ਜੇਕਰ ਕੋਈ ਇੱਥੇ ਵੱਡਾ ਹੋਟਲ ਬਣਾਉਣਾ ਚਾਹੁੰਦਾ ਏ ਤਾਂ ਇਸ ਵਿਚ ਪ੍ਰੇਸ਼ਾਨੀ ਵਾਲੀ ਕਿਹੜੀ ਗੱਲ...? ਮੈਨੂੰ ਤਾਂ ਇਸ ਵਿਚ ਕੋਈ ਨੁਕਸਾਨ ਦਿਖਾਈ ਨਹੀਂ ਦਿੰਦਾ...! ਇਸ ਨਾਲ ਤਾਂ ਸਾਡੇ ਪਿੰਡ ਵਿਚ ਸੈਲਾਨੀ ਆਉਣਗੇ...! ਸੈਲਾਨੀਆਂ ਦਾ ਮਤਲਬ ਪੈਸਾ...! ਅਤੇ ਪੈਸਾ ਕਿਸ ਨੂੰ ਨਹੀਂ ਚਾਹੀਦਾ...?

(ਕੁਲਵੰਤ ਦੀ ਇਹ ਗੱਲ ਸੁਣ ਕੇ ਪਿੰਡ ਵਾਲੇ ਆਪਸ ਵਿਚ ਗੱਲਾਂ ਕਰਨ ਲੱਗਦੇ ਹਨ... ਆਵਾਜ਼ ਤੇਜ਼ ਹੋਣ ਲੱਗਦੀ ਏ)

**ਸ਼ਾਸਤਰੀ:** ਸੁਣ ਕੁਲਵੰਤ...! ਤੁਸੀਂ ਗ਼ਲਤ ਕਿਹਾ...! ਸਾਡੇ ਪਿੰਡ ਵਿਚ ਯਾਤਰੀਆਂ ਨੂੰ ਆਕਰਸ਼ਿਤ ਕਰਨ ਦਾ ਇਹ ਸਹੀ ਤਰੀਕਾ ਨਹੀਂ...! ਅਸੀਂ ਕੋਈ ਹੋਰ ਤਰੀਕਾ ਲੱਭਾਂਗੇ ਜਿਸ ਨਾਲ ਨਾ ਸਿਰਫ਼ ਯਾਤਰੀ ਅਤੇ ਪੈਸਾ ਆਵੇ ਸਗੋਂ ਵਾਤਾਵਰਨ ਵੀ ਬਚਿਆ ਰਹੇ...! ਧਰਮਾਗੀਰੀ ਵਿਚ ਪੰਜ ਤਾਰਾ ਹੋਟਲ ਕਦੇ ਨਹੀਂ ਬਣੇਗਾ...!

**ਨਰਾਇਣ:** **(ਕਿਸੇ ਉਲਝਣ ਵਿਚ)** ਸ਼ਾਸਤਰੀ, ਕਦੇ ਨਹੀਂ ਤੋਂ ਤੁਹਾਡਾ ਕੀ ਮਤਲਬ...! ਉਹ ਸਾਗਰ ਤਾਂ ਆਖ ਰਿਹਾ ਸੀ ਕਿ ਟਰੱਕ ਤੇ ਟਰੇਲਰ ਤਾਂ ਇਸੇ ਹਫ਼ਤੇ ਹੀ ਇੱਥੇ ਆਉਣੇ ਸ਼ੁਰੂ ਹੋ ਜਾਣਗੇ...! ਹੋਟਲ ਦੀ ਨੀਂਹ ਵੀ ਛੇਤੀ ਹੀ ਰੱਖ ਦਿੱਤੀ ਜਾਵੇਗੀ...!

**ਸ਼ਾਸਤਰੀ:** ਇਸ ਨੂੰ ਰੋਕਣਾ ਹੀ ਹੋਵੇਗਾ...,ਅਸੀਂ ਅਜਿਹੇ ਲੋਕਾਂ ਨੂੰ ਆਪਣੇ ਪਹਾੜ..., ਵਾਤਾਵਰਨ ਬਰਬਾਦ ਨਹੀਂ ਕਰਨ ਦੇਵਾਂਗੇ...! ਇਸ ਤੋਂ ਵੀ ਵੱਡਾ ਇਕ ਕਾਰਨ ਏ...,ਧਰਮਾਗੀਰੀ ਐਨੀ ਵੱਡੀ ਇਮਾਰਤ ਨੂੰ ਸੰਭਾਲ ਨਹੀਂ ਸਕੇਗੀ...! ਇਹ ਖ਼ਤਰਨਾਕ ਏ...!ਮੇਰੇ ਦਾਦਾ ਜੀ ਦੱਸਿਆ ਕਰਦੇ ਸਨ ਕਿ ਦੋ ਸੌ ਸਾਲ ਪਹਿਲਾਂ ਇੱਥੇ ਇਹ ਮੰਦਰ ਬਣਿਆ ਸੀ ਉਦੋਂ ਹੀ ਉਨ੍ਹਾਂ ਨੂੰ ਅੰਦਾਜ਼ਾ ਹੋ ਗਿਆ ਸੀ ਕਿ ਧਰਮਾਗੀਰੀ ਦੀ ਜ਼ਮੀਨ ਤੀਹ ਫੁੱਟ ਤੋਂ ਜ਼ਿਆਦਾ ਉੱਚਾਈ ਵਾਲੀ ਇਮਾਰਤ ਨੂੰ ਨਹੀਂ ਸੰਭਾਲ ਸੱਕਦੀ...! ਵੱਡੀ ਇਮਾਰਤ ਖੜ੍ਹੀ ਕਰਨ ਦੇ ਲਈ ਉਸ ਦੀ ਨੀਂਹ ਬਹੁਤ ਡੂੰਘੀ ਪੁੱਟਣੀ ਪਏਗੀ! ਅਜਿਹਾ ਕਰਨ ਨਾਲ ਇੱਥੇ ਭੂ-ਖਿਸਕਣ ਦਾ ਖ਼ਤਰਾ ਹੋ ਸਕਦਾ ਏ...!

**ਨਰਾਇਣ:** **(ਉਤਸੁਕਤਾ ਨਾਲ)** ਬਸ...! ਇਹੀ ਕਾਰਨ ਬਹੁਤ ਨੇ, ਕਿ ਹੋਟਲ ਇੱਥੇ ਨਹੀਂ ਬਣ ਸਕਦਾ...! ਚੱਲੋ ਸਾਗਰ ਨਾਲ ਇਸ ਬਾਰੇ ਗੱਲ ਕਰਦੇ ਹਾਂ...! ਇਸ ਤੋਂ ਪਹਿਲਾਂ ਕਿ ਚਿੜੀ ਖੇਤ ਹੀ ਚੁਗ ਜਾਵੇ...!

**ਇਕੱਠੇ:** ਹਾਂ...! ਤੁਸੀਂ ਠੀਕ ਕਿਹਾ...! ਸਾਨੂੰ ਇਸ ਦੇ ਵਿਰੁੱਧ ਲੜਣਾ ਹੀ ਚਾਹੀਦੈ...!

**ਰਮਤਾ:** ਅਸੀਂ ਇਕੱਠੇ ਹੋ ਕੇ ਇਸ ਦੇ ਖਿਲਾਫ਼ ਲੜਾਂਗੇ...! ਪਰ, ਕੀ ਉਹ ਸਾਡੀ ਗੱਲ ਸੁਣਨਗੇ...?

**ਨਰਾਇਣ:** ਉਨ੍ਹਾਂ ਨੂੰ ਸੁਣਨਾ ਹੀ ਪਏਗਾ...! ਉਨ੍ਹਾਂ ਨੂੰ ਪਹਾੜਾਂ ਦੀ ਆਵਾਜ਼..., ਉਨ੍ਹਾਂ ਦਾ ਦਰਦ ਸੁਣਨਾ ਹੀ ਹੋਵੇਗਾ...!

(ਦ੍ਰਿਸ਼ ਪਰਿਵਰਤਨ ਦਾ ਸੰਗੀਤ)

## ਦ੍ਰਿਸ਼ – ਪੰਜਵਾਂ

(ਮੋਨੂੰ ਅਤੇ ਪੜਦਾਦੀ ਦੇ ਵਿਚਕਾਰ ਗੱਲਬਾਤ ਸ਼ੁਰੂ ਹੁੰਦੀ ਹੈ..)

**ਪੜਦਾਦੀ:** ਉਹ ਬੈਠਕ ਬਹੁਤ ਦੇਰ ਤੱਕ ਚੱਲੀ... ਮੈਨੂੰ ਪਤਾ ਹੀ ਨਹੀਂ ਲੱਗਿਆ ਕਿ ਨਰਾਇਣ ਕਦੋਂ ਘਰ ਆਇਆ... ਮੈਂ ਸੌਂ ਚੁੱਕੀ ਸੀ...!

**ਮੋਨੂੰ:** (ਵਿਆਕੁਲ ਹੋ ਕੇ) ਵੱਡੀ ਦਾਦੀ ਮਾਂ...! ਫਿਰ ਕੀ ਹੋਇਆ..? ਪਹਾੜਾਂ ਦਾ ਕੀ ਬਣਿਆ...?

(ਇਸ ਗੱਲਬਾਤ ਦੇ ਤੁਰੰਤ ਬਾਅਦ, ਜ਼ਮੀਨ ਪੁੱਟਣ ਦੀ ਤੇਜ਼ ਆਵਾਜ਼ ਆਉਂਦੀ ਏ... ਇਸ ਦੇ ਬਾਅਦ ਪਹਾੜੀ ਟੁੱਟਣ ਦੀ ਆਵਾਜ਼ ਆਉਣ ਲੱਗਦੀ ਏ...ਇਹ ਆਵਾਜ਼ 5-10 ਸੈਕੰਡ ਦੇ ਲਈ ਆਉਂਦੀ ਏ...! ਹਾਰਨ ਦੀ ਤੇਜ਼ ਆਵਾਜ਼ ਦਾ ਸ਼ੋਰ...! ਫਿਰ ਲੋਕਾਂ ਦੇ ਚੀਕਣ ਦੀ ਅਵਾਜ਼ ਆਉਣ ਲੱਗਦੀ ਏ, ਉਹ ਚੀਕ ਰਹੇ ਹਨ-ਜ਼ਮੀਨ ਖਿਸਕ ਗਈ, ਜ਼ਮੀਨ ਖਿਸਕ ਗਈ...) (ਇਹ ਸਭ ਇਕ ਸੁਪਨਾ ਸੀ ਜਿਹੜਾ ਨਰਾਇਣ ਦੇਖ ਰਿਹਾ ਸੀ... ਉਹ ਅਚਾਨਕ ਉੱਠਿਆ... ਡਰਿਆ ਹੋਇਆ... ਉਸ ਦੀਆਂ ਧੜਕਣਾਂ ਬਹੁਤ ਤੇਜ਼ ਚੱਲ ਰਹੀਆਂ ਸਨ,ਉਹ ਨੀਂਦ ਵਿਚ ਹੀ ਚੀਕ ਰਿਹਾ ਸੀ – ਜ਼ਮੀਨ ਖਿਸਕ ਗਈ,ਜ਼ਮੀਨ ਖਿਸਕ ਗਈ...)

ਨਰਾਇਣ: ਜ਼ਮੀਨ ਖਿਸਕ ਰਹੀ ਏ... ਛੇਤੀ ਭੱਜੋ... ਸਾਨੂੰ ਬਚਾਓ...

**(ਪੜਦਾਦੀ ਨੇੜੇ ਹੀ ਸੌਂ ਰਹੀ ਸੀ.. ਉਹ ਜਾਗ ਜਾਂਦੀ ਏ)**

ਪੜਦਾਦੀ: **(ਥੋੜ੍ਹੀ ਜਵਾਨ ਅਵਾਜ਼ ਵਿਚ)** ਕੀ ਹੋਇਆ ਨਰਾਇਣ? ਮੈਨੂੰ ਲੱਗਦੈ ਤੂੰ ਕੋਈ ਬੁਰਾ ਸੁਪਨਾ ਦੇਖਿਆ ਐ...!

ਨਰਾਇਣ: ਮਾਂ...! ਧਰਮਾਗੀਰੀ... ਪਹਾੜੀ ਚੀਕ ਰਹੀ ਏ ਮਾਂ...! ਉਸ ਦੀ ਆਵਾਜ਼ ਸੁਣੋ...!

ਪੜਦਾਦੀ: ਚਿੰਤਾ ਨਾ ਕਰ ਨਰਾਇਣ... ਧਰਮਾਗੀਰੀ ਨੂੰ ਕੁਝ ਨਹੀਂ ਹੋਇਆ... ਤੂੰ ਸੁਪਨਾ ਦੇਖ ਰਿਹਾ ਸੀ... ਖਿੜਕੀ ਦੇ ਬਾਹਰ ਦੇਖ... ਤੈਨੂੰ ਉੱਥੇ ਮੰਦਰ ਦਿਖਾਈ ਦੇ ਰਿਹਾ ਨਾ... ਬਿਲਕੁਲ ਠੀਕ ਹੈ...!

ਨਰਾਇਣ: ਮਾਂ... ਖਰਗੋਸ਼... ਹਿਰਨ... ਤਿੱਤਰ... ਸਾਰੇ ਕਿੱਥੇ ਜਾਣਗੇ...? ਉਨ੍ਹਾਂ ਦੀ ਆਵਾਜ਼ ਕੌਣ ਸੁਣੇਗਾ...? ਸਾਡੀ ਨਦੀ...! ਸਾਡੀ ਸਾਫ਼, ਸੁੰਦਰ ਅਤੇ ਮਿੱਠੇ ਪਾਣੀ ਵਾਲੀ ਨਦੀ... ਬਦਬੂਦਾਰ ਅਤੇ ਗੰਦੀ ਹੋ ਜਾਵੇਗੀ... ਤੇ ਧਰਮਾਗੀਰੀ... ਉਸਦਾ ਹਾਲ ਕੀ ਹੋਵੇਗਾ...? ਨਵੀਆਂ ਸੜਕਾਂ ਬਣਨਗੀਆਂ..., ਉਨ੍ਹਾਂ 'ਤੇ ਗੱਡੀਆਂ ਭੱਜਣਗੀਆਂ..., ਉਨ੍ਹਾਂ ਨਾਲ ਜਿਹੜਾ ਪ੍ਰਦੂਸ਼ਣ ਹੋਵੇਗਾ... ਉਸ ਨਾਲ ਧਰਮਾਗੀਰੀ ਦਾ ਕੀ ਹਾਲ ਹੋਵੇਗਾ...? ਤੁਸੀਂ ਮੈਨੂੰ ਪਾਗਲ ਸਮਝ ਸਕਦੇ ਓ... ਕਿ ਮੈਂ ਇਨ੍ਹਾਂ ਚੀਜ਼ਾਂ ਦੇ ਬਾਰੇ ਸੋਚ ਰਿਹਾ ਹਾਂ ... ਪਰ, ਉਨ੍ਹਾਂ ਦੀਆਂ ਚੀਖਾਂ ਮੈਨੂੰ ਸੁਣਾਈ ਦੇ ਰਹੀਆਂ ਹਨ... ਇਹ ਪਹਾੜ... ਇਹ ਨਦੀ... ਇਹ ਰੁੱਖ...ਇਹ ਜਾਨਵਰ... ਇਹ ਸਭ ਗੱਲਾਂ ਕਰਦੇ ਹਨ...! ਇਕੱਠੇ ਗਾਉਂਦੇ ਹਨ ਜਿਵੇਂ ਕਿ ਮੈਂ ਅਤੇ ਤੁਸੀਂ... ਜੇਕਰ ਅਸੀਂ ਉਨ੍ਹਾਂ ਨੂੰ ਸੁਣ ਸਕਦੇ ਹਾਂ ਤਾਂ ਸਾਨੂੰ ਇਹ ਸਭ ਸੁਣਾਈ ਦੇਵੇਗਾ... ਪਰ, ਹੁਣ ਦੁਨੀਆਂ ਸ਼ੋਰ ਨਾਲ ਘਿਰੀ ਹੋਈ ਏ... ਉਨ੍ਹਾਂ ਨੂੰ ਨਦੀ...ਪਹਾੜ... ਅਤੇ ਪੰਛੀਆਂ ਦੀਆਂ ਆਵਾਜ਼ਾਂ ਕਿਵੇਂ ਸੁਣਾਈ ਦੇਣਗੀਆਂ...? ਕਿਵੇਂ ਦੇਣਗੀਆਂ ਸੁਣਾਈ ?

ਪੜਦਾਦੀ: ਠੀਕ ਹੈ ਪੁੱਤ...! ਪਰ ਮੇਰਾ ਯਕੀਨ ਕਰੋ... ਜੇਕਰ ਪਿੰਡ ਵਾਲੇ ਇਕੱਠੇ ਹੋ ਜਾਣ... ਤਾਂ ਧਰਮਾਗੀਰੀ ਨੂੰ ਬਚਾ ਸਕਦੇ ਹਨ...!

ਨਰਾਇਣ: ਸਾਨੂੰ ਇਕੱਠੇ ਹੋਣਾ ਹੀ ਪਏਗਾ ਮਾਂ...ਸਾਨੂੰ ਨੀਂਦ ਵਿਚੋਂ ਜਾਗਣਾ ਹੋਵੇਗਾ...ਇਸ ਤੋਂ ਪਹਿਲਾਂ ਕਿ ਪਹਾੜ ਜ਼ੋਰ-ਜ਼ੋਰ ਨਾਲ ਆਪਣਾ ਦਰਦ ਦੱਸਣ...(ਥੋੜ੍ਹਾ ਰੁਕ ਕੇ) ਮੈਂ...ਮੈਨੂੰ ਅੱਜ ਵੀ ਯਾਦ ਆ ਕੁਝ ਸਾਲ ਪਹਿਲਾਂ...(ਪਿਛੋਕੜ ਵਿੱਚ ਸੰਗੀਤ ਸ਼ੁਰੂ ਹੁੰਦਾ ਏ) ਮਹਾਰਾਸ਼ਟਰ ਵਿਚ ਪੂਨੇ ਦੇ ਮਾਲੀਣ ਪਿੰਡ ਦੀ ਕਹਾਣੀ ਏ ਇਹ... ਇਹ ਜੁਲਾਈ ਦੇ ਆਖਿਰ ਦਾ ਸਮਾਂ ਸੀ। ਜਦੋਂ ਪੂਰੀ ਰਾਤ ਤੇਜ਼ ਮੀਂਹ ਪੈਂਦਾ ਰਿਹਾ ਸੀ... (ਮੀਂਹ ਦੀ ਅਵਾਜ਼) ਸ਼ਾਮ ਸਵੇਰੇ ਜਦੋਂ ਉੱਥੋਂ ਦੇ ਲੋਕ ਸੌਂ ਰਹੇ ਸੀ... ਉਦੋਂ ਹੀ ਉੱਥੇ ਭੂ-ਖਿਸਕਣ ਹੋ ਗਿਆ... ਸਭ ਤੋਂ ਪਹਿਲਾਂ ਭੂ-ਖਿਸਕਣ ਇਕ ਬਸ ਦੇ ਡਰਾਇਵਰ ਨੇ ਦੇਖਿਆ ਜਿਹੜਾ ਉਥੋਂ ਦੀ ਲੰਘ ਰਿਹਾ ਸੀ... ਉਸ ਦੀਆਂ ਅੱਖਾਂ ਸਾਹਮਣੇ ਇਕ ਪੂਰਾ ਪਿੰਡ ਮਿੱਟੀ ਦੇ ਮਲਬੇ ਦੇ ਹੇਠਾਂ ਦਬਿਆ ਹੋਇਆ ਸੀ... ਪੂਰੇ ਦਾ ਪੂਰਾ ਪਿੰਡ ਮਿੱਟੀ ਦਾ ਢੇਰ ਬਣ ਗਿਆ ਸੀ... 160 ਲੋਕਾਂ ਦੇ ਲਈ ਰਾਤ ਦੀ ਨੀਂਦ ਮੌਤ ਦੀ ਨੀਂਦ ਬਣ ਗਈ ਸੀ... ਉਹ ਤਾਂ ਕੁਦਰਤੀ ਆਫ਼ਤ ਦੇ ਕਾਰਨ ਹੋਇਆ ਸੀ... ਪਰ ਸਾਡੇ ਪਿੰਡ ਵਿਚ ਅਜਿਹਾ ਮਨੁੱਖਾਂ ਦੀ ਗ਼ਲਤੀ ਕਾਰਨ ਹੋਵੇਗਾ..

ਪੜਦਾਦੀ: ਦਿਲ ਛੋਟਾ ਨਾ ਕਰ... ਪੁੱਤਰ...!

ਨਰਾਇਣ: ਵਿਕਾਸ ਦੇ ਨਾਂ 'ਤੇ ਕਿੰਨ੍ਹੇ ਹੀ ਵੱਡੇ-ਵੱਡੇ ਪਹਾੜਾਂ ਨੂੰ ਤੋੜਿਆ ਜਾ ਰਿਹੈ... ਸਭ ਕੁਝ ਤਹਿਸ-ਨਹਿਸ ਕੀਤਾ ਜਾ ਰਿਹੈ... ਵੱਡੀਆਂ-ਵੱਡੀਆਂ ਇਮਾਰਤਾਂ ਬਣਾਉਣ ਦੇ ਨਾਂ 'ਤੇ... ਜਾਂ ਫਿਰ ਖਣਨ ਦੇ ਨਾਂ 'ਤੇ... ਇਹ ਲੋਕ ਨਾ

ਸਿਰਫ਼ ਵਾਤਾਵਰਨ ਨੂੰ ਨੁਕਸਾਨ ਪਹੁੰਚਾ ਰਹੇ ਨੇ... ਸਗੋਂ ਪਹਾੜਾਂ ਵਿਚ ਰਹਿਣ ਵਾਲੇ ਉਨ੍ਹਾਂ ਆਦਿਵਾਸੀ ਲੋਕਾਂ ਦੇ ਲਈ ਵੀ ਖ਼ਤਰਾ ਹਨ ਜਿਹੜੇ ਨਾ ਜਾਣੇ ਕਿੰਨ੍ਹੇ ਹੀ ਸਾਲਾਂ ਤੋਂ ਉਸ ਇਲਾਕੇ ਵਿਚ ਵਸੇ ਹੋਏ ਹਨ...!

**ਪੜਦਾਦੀ:** ਮੈਂ ਤੇਰੀ ਚਿੰਤਾ ਸਮਝ ਸਕਦੀ ਹਾਂ, ਨਰਾਇਣ...! ਮੈਂ ਵੀ ਧਰਮਾਗੀਰੀ ਨੂੰ ਉਸ ਲਾਲਚੀ ਆਦਮੀ ਦੇ ਪੰਜਿਆਂ ਵਿਚੋਂ ਕੱਢਣਾ ਚਾਹੁੰਦੀ ਹਾਂ... ਤੇ ਮੈਨੂੰ ਤੁਹਾਡੇ ਸਾਰਿਆਂ 'ਤੇ ਪੂਰਾ ਭਰੋਸਾ ਏ ਕਿ ਤੁਸੀਂ ਲੋਕ ਅਜਿਹਾ ਜ਼ਰੂਰ ਕਰ ਲਵੋਗੇ...!

**(ਦ੍ਰਿਸ਼ ਪਰਿਵਰਤਨ ਦਾ ਸੰਗੀਤ)**

**ਦ੍ਰਿਸ਼ – ਛੇਵਾਂ**

**(ਪੜਦਾਦੀ ਅਤੇ ਮੋਨੂੰ ਦੀ ਆਵਾਜ਼ ਆਉਂਦੀ ਹੈ)**

**ਮੋਨੂੰ:** ਵੱਡੀ ਦਾਦੀ ਮਾਂ...! ਪਿੰਡ ਵਾਲੇ ਆਪਣੇ ਪਿੰਡ ਅਤੇ ਉਸ ਪਹਾੜ ਨੂੰ ਬਚਾਉਣ ਵਿਚ ਕਾਮਯਾਬ ਹੋਏ ਜਾਂ ਨਹੀਂ?

**ਪੜਦਾਦੀ:** ਕੀ ਮੋਨੂੰ...? ਇਸ ਖਿੜਕੀ ਵਿਚੋਂ ਬਾਹਰ ਦੇਖੋ... ਤੁਹਾਨੂੰ ਧਰਮਾਗੀਰੀ ਦਿਖਾਈ ਨਹੀਂ ਦੇ ਰਹੀ...?

**ਮੋਨੂੰ:** ਹਾਏ...! ਕਿੰਨਾ ਪਾਗਲ ਹਾਂ ਮੈਂ...! ਮਤਲਬ ਇਸ ਕਹਾਣੀ ਦਾ ਅੰਤ ਤਾਂ ਮੈਨੂੰ ਪਹਿਲਾਂ ਹੀ ਪਤਾ ਸੀ... (ਸਾਰੇ ਹੱਸਦੇ ਹਨ)

**ਪੜਦਾਦੀ:** ਬਿਲਕੁਲ ਸਹੀ...!

**ਮੋਨੂੰ:** ਪਰ ਵੱਡੀ ਦਾਦੀ ਮਾਂ...! ਮੈਨੂੰ ਇਕ ਗੱਲ ਸਮਝ ਨਹੀਂ ਆਈ...! ਆਖਿਰ ਇਹ ਹੋਇਆ ਕਿਵੇਂ...? ਕਿਸਨੇ ਕੀਤਾ ਇਹ ਸਾਰਾ ਕੁੱਝ ? ਕਿਸ ਨੇ ਰੋਕਿਆ ਉਸ ਧੰਨਾ ਸੇਠ, ਦਵਿੰਦਰ ਦੇ ਬੰਦਿਆਂ ਨੂੰ ?

**ਪੜਦਾਦੀ:** ਸਾਰੇ ਪਿੰਡ ਵਾਲਿਆਂ ਨੇ ਇਕੱਠੇ ਹੋ ਕੇ ਗੱਲ ਚਲਾਈ...! ਇਲਾਕੇ ਦੇ ਅਧਿਕਾਰੀਆਂ ਨੂੰ ਸਾਰੀ ਸਾਡੀ ਪ੍ਰੇਸ਼ਾਨੀ ਸਮਝਾਈ ! ਸਾਰੇ ਮਾਮਲੇ ਨੂੰ ਬਹੁਤ ਹੀ ਵਿਸ਼ਾਲ ਏਕੇ , ਦ੍ਰਿੜ ਇਰਾਦੇ ਤੇ ਸਮਝਦਾਰੀ ਨਾਲ ਨਬੇੜਿਆ! ਬੱਸ! ਧਰਮਾਗੀਰੀ ਬਚ ਗਿਆ...!

**ਮੋਨੂੰ:** ਵੱਡੀ ਦਾਦੀ ਮਾਂ...! ਤੁਸੀਂ ਤਾਂ ਮੈਨੂੰ ਬਹੁਤ ਹੀ ਚੰਗੀ ਕਹਾਣੀ ਸੁਣਾਈ ਐ...! ਉਸ ਪਹਾੜ ਦੀ ਕਹਾਣੀ ਸੁਣ ਕੇ ਤਾਂ ਮਜ਼ਾ ਹੀ ਆ ਗਿਆ...! ਹੁਣ ਮੈਂ ਇਹ ਕਹਾਣੀ ਆਪਣੇ ਦੋਸਤਾਂ ਨੂੰ ਸੁਣਾਵਾਂਗਾ...!

**ਪੜਦਾਦੀ:** ਹਾਂ ਮੋਨੂੰ... ਤੁਸੀਂ ਆਪਣੇ ਦੋਸਤਾਂ ਨੂੰ ਇਹ ਕਹਾਣੀ ਸੁਣਾਇਉ ਅਤੇ ਉਸ ਤੋਂ ਪ੍ਰੇਰਣਾ ਲੈ ਕੇ ਤੁਸੀਂ ਲੋਕ ਵੀ ਪਹਾੜਾਂ ਦੇ ਲਈ, ਵਾਤਾਵਰਨ ਦੇ ਲਈ ਕੁਝ ਕਰਨ ਦੀ ਕੋਸ਼ਿਸ਼ ਕਰਨਾ... ਜਿਵੇਂ ਕਿ ਤੁਹਾਡੇ ਦਾਦਾ ਜੀ ਨੇ ਕੀਤਾ ਸੀ...!

**ਮੋਨੂੰ:** ਹਾਂ ਵੱਡੀ ਦਾਦੀ ਮਾਂ...! ਮੈਂ ਅਜਿਹਾ ਜ਼ਰੂਰ ਕਰਾਂਗਾ...!

**ਪੜਦਾਦੀ:** ਨਰਾਇਣ ਨੇ ਨਾ ਕੇਵਲ ਧਰਮਾਗੀਰੀ ਨੂੰ ਤੇ ਪਿੰਡ ਵਾਲਿਆਂ ਨੂੰ ਬਚਾਇਆ ਸਗੋਂ ਉਨ੍ਹਾਂ ਨੂੰ ਟਿਕਾਊ ਵਿਕਾਸ ਬਾਰੇ ਵੀ ਜਾਗਰੂਕ ਕੀਤਾ...!

**ਮੋਨੂੰ:** ਟਿਕਾਊ ਵਿਕਾਸ ? ਮਤਲਬ ?

ਪੜਦਾਦੀ: ਦੇਖ ਮੋਨੂੰ...! ਇੱਥੇ ਰਹਿਣ ਵਾਲੇ ਲੋਕਾਂ ਦੇ ਲਈ ਧਰਮਾਗੀਰੀ ਹੀ ਸਭ ਕੁਝ ਏ...! ਲੋਕਾਂ ਦੀ ਜ਼ਰੂਰਤ ਦਾ ਹਰ ਸਮਾਨ ਮੌਜੂਦ ਏ ਇੱਥੇ...! ਪਰ ਬਾਹਰ ਦੇ ਲੋਕ ਇੱਥੇ ਆਉਣ ਲੱਗੇ ਤੇ ਇਥੋਂ ਦੇ ਵਿਕਾਸ ਦੀ ਗੱਲ ਕਰਨ ਲੱਗੇ...! ਇਹ ਇਕ ਵੱਡਾ ਸੰਕੇਤ ਏ...!

ਮੋਨੂੰ: ਕਿਉਂ ? ਕਿਵੇਂ ?

ਪੜਦਾਦੀ: ਇਹ ਸਾਧਾਰਨ ਜਹੀ ਗੱਲ ਨਹੀਂ ਏ... ਇਸ ਨੂੰ ਸਮਝਣ ਦੀ ਕੋਸ਼ਿਸ਼ ਕਰੋ... ਉਹ ਲੋਕ ਨਹੀਂ ਜਾਣਦੇ ਕਿ ਇਥੋਂ ਦੇ ਆਮ ਲੋਕਾਂ ਦੀਆਂ ਜ਼ਰੂਰਤਾਂ ਕਿਹੜੀਆਂ ਹਨ...? ਉਹ ਬਸ! ਆਉਂਦੇ ਹਨ ਇਸ ਥਾਂ ਦੇ ਸਾਧਨਾਂ ਨੂੰ ਨਿਚੋੜਣ ਦੇ ਲਈ ਅਤੇ ਪੈਸੇ ਬਣਾਉਣ ਦੇ ਲਈ...! ਨਰਾਇਣ ਇਹੀ ਤਾਂ ਕਹਿ ਰਿਹਾ ਸੀ ਕਿ ਵਿਕਾਸ ਦਾ ਮਤਲਬ ਹੋਣਾ ਚਾਹੀਦਾ... ਸਾਰਿਆਂ ਦਾ ਵਿਕਾਸ... ਕੁਦਰਤ ਦਾ ਵੀ ਵਿਕਾਸ ਨਾ ਕਿ ਵਿਨਾਸ਼...!

ਮੋਨੂੰ: ਇਹ ਤਾਂ ਚੰਗਾ ਵਿਚਾਰ ਏ ਵੱਡੀ ਦਾਦੀ ਮਾਂ...!

ਪੜਦਾਦੀ: ਇਸ ਲਈ ਉਸ ਨੇ ਪਿੰਡ ਵਾਲਿਆਂ ਨੂੰ ਚੈਰੀ ਦੇ ਰੁੱਖ ਲਗਾਉਣ ਨੂੰ ਕਿਹਾ... ਇਸੇ ਕਰਕੇ ਤਾਂ ਤੁਹਾਨੂੰ ਚੈਰੀ ਦੇ ਐਨੇ ਸਾਰੇ ਰੁੱਖ ਦਿਖਾਈ ਦੇ ਰਹੇ ਹਨ... ਇਸ ਦੀ ਵਜ੍ਹਾ ਨਾਲ ਇੱਥੇ ਦੀ ਖੂਬਸੂਰਤੀ ਵਧ ਗਈ... ਅਤੇ ਯਾਤਰੀ ਇੱਥੇ ਆਉਣ ਲੱਗੇ... ਪਿੰਡ ਵਾਲਿਆਂ ਨੇ ਧਰਮਾਗੀਰੀ ਵਿਚ ਆਉਣ ਵਾਲੇ ਖ਼ਾਸ ਯਾਤਰੀਆਂ ਦੇ ਲਈ... ਝੋਪੜੀਆਂ ਤਿਆਰ ਕੀਤੀਆਂ... ਐਨਾ ਹੀ ਨਹੀਂ ਇਨ੍ਹਾਂ ਲੋਕਾਂ ਨੇ ਆਪਣੇ ਹੱਥਾਂ ਨਾਲ ਸੁੰਦਰ ਸਜਾਵਟੀ ਸਮਾਨ ਬਣਾਉਣਾ ਵੀ ਸਿੱਖ ਲਿਆ... ਅਤੇ ਫਿਰ ਕੀ... ਇਹ ਪਿੰਡ ਵਾਲੇ ਸਜਾਵਟ ਦਾ ਸਮਾਨ ਬਣਾ ਕੇ ਯਾਤਰੀਆਂ ਨੂੰ ਵੇਚਣ ਲੱਗੇ... ਯਾਤਰੀਆਂ ਨੂੰ ਵੀ ਇਹ ਐਨੇ ਪਸੰਦ ਆਏ ਕਿ ਉਨ੍ਹਾਂ ਨੇ ਇਸ ਨੂੰ ਖਰੀਦਣਾ ਸ਼ੁਰੂ ਕਰ ਦਿੱਤਾ... ਨਤੀਜਾ ਪਿੰਡ ਵਿਚ ਪੈਸਿਆਂ ਦਾ ਮੀਂਹ ਪੈਣ ਲੱਗਿਆ... ਹੁਣ ਖੁਦ ਹੀ ਦੇਖ ਲਉ... ਇਹ ਪਿੰਡ... ਹੁਣ ਪਿੰਡ ਨਹੀਂ ਰਿਹਾ... ਸਗੋਂ ਹੁਣ ਇਸ ਨੂੰ ਆਪਣੇ ਆਪ 'ਤੇ ਨਿਰਭਰ ਇਕ ਛੋਟਾ ਜਿਹਾ ਸ਼ਹਿਰ ਆਖ ਸਕਦੇ ਹਾਂ... ਸਰਕਾਰ ਨੇ ਵੀ ਇਨ੍ਹਾਂ ਕੋਸ਼ਿਸ਼ਾਂ ਵਿਚ ਸਾਡਾ ਸਾਥ ਦਿੱਤਾ ! ਵਾਤਾਵਰਨ ਤੇ ਵਣ ਵਿਭਾਗ ਦੀਆਂ ਨਵੀਆਂ ਯੋਜਨਾਵਾਂ ਦੇ ਬਲਬੂਤੇ ਐਥੋਂ ਦੇ ਪਹਾੜ ਅਤੇ ਇੱਥੇ ਪਲ਼ ਰਿਹਾ ਜਨਜੀਵਨ ਬਿਲਕੁਲ ਸੁਰੱਖਿਅਤ ਏ...!

ਮੋਨੂੰ: ਹੁਣ ਮੈਂ ਸਮਝ ਸਕਦਾ ਹਾਂ ਕਿ ਇਹ ਬਦਲਾਅ ਹੌਲੀ-ਹੌਲੀ ਹੀ ਸਹੀ ਪਰ ਕਿਵੇਂ ਆਇਆ ਹੋਵੇਗਾ...!

ਪੜਦਾਦੀ: ਪਿੰਡ ਵਾਲਿਆਂ ਦੇ ਕੋਲ ਜਦੋਂ ਪੈਸੇ ਆਉਣੇ ਸ਼ੁਰੂ ਹੋਏ... ਤਾਂ ਉਨ੍ਹਾਂ ਨੇ ਇਸ ਪੈਸੇ ਨੂੰ ਦੋ ਹਿੱਸਿਆਂ ਨੂੰ ਵੰਡਿਆ ਅਤੇ ਇਕ ਹਿੱਸਾ ਪਿੰਡ ਦੇ ਵਿਕਾਸ ਦੇ ਵਿਚ ਲਗਾਇਆ... ਇਨ੍ਹਾਂ ਹੀ ਪੈਸਿਆਂ ਨਾਲ ਪਿੰਡ ਵਿਚ ਸਕੂਲ ਅਤੇ ਕਾਲਜ ਬਣਾਏ ਗਏ... ਫਿਰ ਹਸਪਤਾਲ ਅਤੇ ਖੇਤੀ ਦੇ ਲਈ ਨਵੀਆਂ ਤਕਨੀਕਾਂ ਲੱਭੀਆਂ ਗਈਆਂ...!

ਮੋਨੂੰ: ਵੱਡੀ ਦਾਦੀ ਮਾਂ...! ਅੱਜ ਮੈਂ ਵਿਕਾਸ ਦਾ ਸਹੀ ਮਤਲਬ ਸਮਝ ਗਿਆ ਹਾਂ... ਵਿਕਾਸ ਦਾ ਮਤਲਬ ਇਕ ਚੀਜ਼ ਨੂੰ ਵਿਗਾੜ ਕੇ ਦੂਜੀ ਨੂੰ ਬਣਾਉਣਾ ਨਹੀਂ ਹੁੰਦਾ... ਸਗੋਂ ਵਿਕਾਸ ਦਾ ਮਤਲਬ ਮੌਜੂਦਾ ਸਾਧਨਾਂ ਨੂੰ ਸੰਜੋਅ ਕੇ , ਉਸ ਵਿਚੋਂ ਹੀ ਵਿਕਾਸ ਦਾ ਰਸਤਾ ਕੱਢ ਕੇ ਚੱਲਣਾ ਹੁੰਦਾ ਹੈ... ਠੀਕ ਆਖਿਆ ਮੈਂ ਵੱਡੀ ਦਾਦੀ ਮਾਂ...?

ਪੜਦਾਦੀ: ਬਿਲਕੁਲ ਠੀਕ ਮੋਨੂੰ.. ਇਸੇ ਨੂੰ ਤਾਂ ਕਹਿੰਦੇ ਨੇ ਟਿਕਾਊ ਵਿਕਾਸ...!

ਮੋਨੂੰ: ਵੱਡੀ ਦਾਦੀ ਮਾਂ...! ਮੈਂ ਅੱਜ ਇਕ ਹੋਰ ਗੱਲ ਸਿਖੀ...!

ਪੜਦਾਦੀ: ਹੋਰ ਕਿਹੜੀ?

**ਮੋਨੂੰ:** ਕਿ ਵੱਡੀ ਦਾਦੀ ਮਾਂ...! ਦੁਨੀਆਂ ਦੀ ਸਭ ਤੋਂ ਚੰਗੀ ਦਾਦੀ ਮਾਂ ਹੁੰਦੀ ਹੈ...!

**(ਪੜਦਾਦੀ ਹੱਸਦੇ ਹੋਏ.. ਮੋਨੂੰ ਵੀ ਉਸ ਦੇ ਨਾਲ ਹੱਸਣ ਲੱਗਦਾ)**

**ਪੜਦਾਦੀ:** ਬਸ! ਮੋਨੂੰ... ਹੁਣ ਦੇਰ ਹੋ ਰਹੀ ਏ... ਚੱਲੋ... ਸੌਣ ਚੱਲੀਏ... ਕੱਲ੍ਹ ਨੂੰ ਅਸੀਂ ਚੈਰੀ ਦੇ ਬਾਗਾਂ ਵਿਚ ਘੁੰਮਣ ਚੱਲਾਂਗੇ।

**ਮੋਨੂੰ:** ਓ ਵਾਹ! ਬਹੁਤ ਮਜ਼ਾ ਆਏਗਾ... ਗੁਡ ਨਾਈਟ ਵੱਡੀ ਦਾਦੀ ਮਾਂ...!

**ਪੜਦਾਦੀ:** ਗੁੱਡ ਨਾਈਟ!

ਪ੍ਰਸ਼ਨ

**ਪ੍ਰਸ਼ਨ** –1 ਪਹਾੜਾਂ ਦੇ ਪਰਿਵਰਣੀ ਤੰਤਰ ਵਿੱਚ ਕਿਹੜੀ ਗਤੀ ਵਿਧੀ ਪਾ ਰਹੀ ਹੈ ਖਲਲ ?

ਉੱਤਰ: ਸੈਰ ਸਪਾਟੇ ਦੇ ਵਿਕਾਸ ਦੇ ਨਾਮ ਤੇ ਪਹਾੜਾਂ ਨੂੰ ਕੱਟ ਕੇ ਬਹੁ ਮੰਜਲੇ ਹੋਟਲ, ਸੜਕਾਂ ਤੇ ਸੁਰੰਗਾਂ

**ਪ੍ਰਸ਼ਨ**–2 ਧਰਮਾਗਿਰੀ ਵਿੱਚ ਕਿਵੇਂ ਕੀਤਾ ਹੱਲ ਇਸ ਚੁਣੌਤੀ ਦਾ ?

ਉਤਰ : ਲੋਕਾਂ ਦੇ ਵਿਸ਼ਾਲ ਏਕੇ ਦ੍ਰਿੜ ਇਰਾਦੇ ਤੇ ਸਮਝਦਾਰੀ ਨਾਲ ਆਗੂਆਂ ਨੂੰ ਮਜਬੂਰ ਕੀਤਾ ਤੇ ਹੋਟਲ ਦੀ ਉਸਾਰੀ ਰੋਕੀ, ਨਾਲ ਹੀ ਸੁਰੂ ਕੀਤਾ ਸਥਾਨਕ ਮੁਹਾਰਤਾਂ ਦੀ ਵਰਤੋਂ ਨਾਲ ਈਕੋ ਟੂਰਿਜ਼ਮ !